ISSN : 2395-1273

# ਸੰਵਾਦ

www.sanvad.org

ਵਿਸ਼ੇਸ਼ ਅੰਕ

## ਬਿਰਤਾਂਤ ਦੀ ਜੰਗ

20 ਵਾਂ ਅੰਕ
ਜੁਲਾਈ-ਦਸੰਬਰ 2024



ESTD. 1892
ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

# ਸੰਵਾਦ

ISSN : 2395-1273

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

A Peer Reviewed Punjabi Research Journal

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਛਿਮਾਹੀ ਖੋਜ ਰਸਾਲਾ**

ਜੁਲਾਈ-ਦਸੰਬਰ 2024

ਅੰਕ-20ਵਾਂ

**ਵਿਸ਼ੇਸ਼ ਅੰਕ**

**ਬਿਰਤਾਂਤਾਂ ਦੀ ਜੰਗ**

**ਸਰਪ੍ਰਸਤ**

ਡਾ. ਮਹਿਲ ਸਿੰਘ


ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਮਹਿਲ ਸਿੰਘ

**ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ**-143002

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org



**Patron & Chief Editor:**
***Dr. Mehal Singh***
**+91 85288-28200**

**Editor:**
***Dr. Atam Singh Randhawa***
**+91 98722-17273**



**ISSN : 2395-1273** | **July-December 2024**



**ਸਲਾਹਕਾਰ ਬੋਰਡ**

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 20ਵਾਂ ||| ਜੁਲਾਈ-ਦਸੰਬਰ 2024**


## ਤਤਕਰਾ


- **ਸੰਪਾਦਕੀ** 5-7
- **ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ : ਨਵੇਂ ਯੁੱਗ ਦੀ ਆਮਦ** 9-17
  ਅਮਰਜੀਤ ਸਿੰਘ ਗਰੇਵਾਲ
- **ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ** 18-23
  ਡਾ. ਮਹਿਲ ਸਿੰਘ
- **ਮੀਡੀਆ ਤੇ ਰਾਜਨੀਤਕ ਬਿਰਤਾਂਤ** 24-31
  ਡਾ. ਜਗਰੂਪ ਸਿੰਘ ਸੇਖੋਂ
- **ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ** 32-34
  ਡਾ. ਰਾਜਿੰਦਰ ਪਾਲ ਸਿੰਘ ਬਰਾੜ
- **ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ : ਚੁਣੌਤੀਆਂ ਤੇ ਸਮਾਧਾਨ** 35-44
  ਡਾ. ਮਨਮੋਹਨ
- **ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ** 45-55
  ਡਾ. ਪਰਮਜੀਤ ਸਿੰਘ ਢੀਂਗਰਾ
- **ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ** 56-67
  ਡਾ. ਆਤਮ ਸਿੰਘ ਰੰਧਾਵਾ
- **ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ** 68-83
  ਡਾ. ਯਾਦਵਿੰਦਰ ਸਿੰਘ
- **ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ** 84-90
  ਭਾਈ ਹਰਿਸਿਮਰਨ ਸਿੰਘ
- **ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ : ਪਨਰ-ਸਿਰਜਣਾ ਅਤੇ ਪ੍ਰਯੋਗ** 91-98
  ਡਾ. ਹਰਿੰਦਰ ਕੌਰ ਸੋਹਲ
- **ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ** 99-123
  ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

❒ **ਬਿਰਤਾਂਤ ਸਿਰਜਣ ਦੀ ਜੰਗ**
**(ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ)** 124-129
ਡਾ. ਗੁਰਦੀਪ ਸਿੰਘ

❒ **ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ** 130-137
ਬਲਜਿੰਦਰ ਸਿੰਘ

❒ **ਅੱਲਾਂ ਰਾਹੀਂ ਪਿੰਡਾਂ ਵਿਚ ਬਿਰਤਾਂਤ ਸਿਰਜਣਾ** 138-145
ਡਾ. ਦਯਾ ਸਿੰਘ

❒ **ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਦਾ ਵਿਸ਼ਲੇਸ਼ਣ** 146-165
ਵਰਿੰਦਰ ਖੁਰਾਣਾ

**ਪੁਸਤਕ ਰੀਵਿਊ :** 166-172

- **ਹੋਇਆ ਦੇਸ ਪਰਾਇਆ (ਨਾਵਲ)** : ਅਵਤਾਰ ਸਿੰਘ ਬਿਲਿੰਗ
- **ਮੁਹਾਜ਼ (ਨਾਵਲ)** : ਨਛੱਤਰ
- **1919 ਦਾ ਦੁਖਾਂਤ ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ (ਇਤਿਹਾਸ)** : ਜੋਗਿੰਦਰ ਸਿੰਘ
- **ਮਿੱਟੀ ਬੋਲ ਪਈ ਦਾ ਸਮਾਜਿਕ ਤੇ ਸਾਹਿਤਕ ਵਿਸ਼ਲੇਸ਼ਣ (ਆਲੋਚਨਾ)** : ਡਾ. ਮਹਿਲ ਸਿੰਘ

◈



# ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚੱਲਿਤ ਮਤ ਦਾ ਵਿਸ਼ਲੇਸ਼ਣ

(ਵਿਚਾਰਧਾਰਾਈ ਪਰਿਪੇਖ)

**ਵਰਿੰਦਰ ਖੁਰਾਣਾ**

ਅਸਿਸਟੈਂਟ ਪ੍ਰੋਫ਼ੈਸਰ, ਭਾਸ਼ਾ ਵਿਗਿਆਨ ਤੇ ਕੋਸ਼ਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਭਾਸ਼ਾ-ਪਰਿਵਾਰ**

ਭਾਸ਼ਾ-ਪਰਿਵਾਰ, ਆਧੁਨਿਕ ਭਾਸ਼ਾ-ਵਿਗਿਆਨ ਦਾ ਇਕ ਕੇਂਦਰੀ ਮਹੱਤਵ ਵਾਲਾ ਸੰਕਲਪ ਹੈ ਅਤੇ ਇਹਨੂੰ ਭਾਸ਼ਾਵਾਂ ਦੇ ਵਰਗੀਕਰਨ ਲਈ ਵਰਤਿਆ ਜਾਂਦਾ ਹੈ। ਭਾਸ਼ਾਵਾਂ ਦਾ ਪਰਿਵਾਰ ਮਿੱਥਣ ਲਈ ਉਹਨਾਂ ਦਾ ਆਪਸ ਵਿਚ ਟਾਕਰਾ ਕਰਕੇ ਸਮਾਨਤਾਵਾਂ ਦੇ ਆਧਾਰ 'ਤੇ ਵੱਧ ਸਮਾਨ ਭਾਸ਼ਾਵਾਂ ਨੂੰ ਇਕ ਪਰਿਵਾਰ ਵਿਚ ਰੱਖ ਲਿਆ ਜਾਂਦਾ ਹੈ। ਵਿਨਫਰੈਡ ਲੇਹਮਨ (Winfred Lehmann) ਅਨੁਸਾਰ "ਇਸ ਤਰ੍ਹਾਂ ਦੇ ਟਾਕਰੇ ਨਾਲ ਅਸੀਂ ਭਾਸ਼ਾਵਾਂ ਦੇ ਹੋਰ ਭਾਸ਼ਾਵਾਂ ਨਾਲ ਸਬੰਧਿਤ ਹੋਣ ਬਾਰੇ ਇਹ ਅਨੁਮਾਨ ਲਗਾ ਸਕਦੇ ਹਾਂ ਕਿ ਇਹ ਭਾਸ਼ਾਵਾਂ ਆਪਣੇ ਤੋਂ ਪਹਿਲੀ ਕਿਸੇ ਭਾਸ਼ਾ ਤੋਂ ਵਿਕਸਿਤ ਹੋਈਆਂ ਹਨ ਅਤੇ ਅਸੀਂ ਇਹਨਾਂ ਦੀ ਵੰਡ ਇਹਨਾਂ ਦੇ ਕਿਸੇ ਖ਼ਾਸ ਭਾਸ਼ਾ-ਪਰਿਵਾਰ ਨਾਲ ਸਬੰਧਿਤ ਹੋਣ ਦੇ ਤੌਰ 'ਤੇ ਕਰ ਸਕਦੇ ਹਾਂ।"[1] ਭਾਸ਼ਾ-ਪਰਿਵਾਰ ਨੂੰ ਪਰਿਵਾਰ ਕਹਿਣ ਦਾ ਭਾਵ ਇਹੀ ਹੈ ਕਿ ਸਾਂਝੇ ਤੱਤਾਂ ਵਾਲੀਆਂ ਇਹ ਭਾਸ਼ਾਵਾਂ ਕਿਸੇ ਇਕੋ ਪੁਰਾਤਨ ਭਾਸ਼ਾ ਦੀ ਸੰਤਾਨ ਹਨ। ਅਸਿਆ ਪੈਰਲਸਵੇ (Asya Pereltsvaig) ਦਾ ਮੰਨਣਾ ਹੈ ਕਿ "ਮਨੁੱਖੀ ਜੈਵਿਕ ਪਰਿਵਾਰ ਦੀ ਤਰ੍ਹਾਂ, ਇਕ ਭਾਸ਼ਾ ਪਰਿਵਾਰ ਵੀ ਇਕ ਨਸਲੀ ਵੰਸ਼ਜ ਇਕਾਈ ਹੈ; ਭਾਸ਼ਾਵਾਂ ਦੀ ਕਿਸੇ ਭਾਸ਼ਾ ਪਰਿਵਾਰ ਵਿਚ ਵੰਡ ਤੋਂ ਭਾਵ ਹੈ ਕਿ ਉਹ ਇਕ ਸਾਂਝੀ ਮਾਂ-ਭਾਸ਼ਾ ਦੀ ਸੰਤਾਨ ਹਨ, ਜਿਹਨੂੰ ਕਿ ਆਦਿ-ਭਾਸ਼ਾ ਆਖਿਆ ਜਾਂਦਾ ਹੈ।"[2] ਇਸ ਤਰ੍ਹਾਂ ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਦੇ ਵੱਖਰੇ-ਵੱਖਰੇ ਭਾਸ਼ਾ-ਪਰਿਵਾਰ ਮਿੱਥੇ ਜਾਂਦੇ ਹਨ ਅਤੇ ਇਕ ਰੁੱਖ ਵਿਚੋਂ ਫੁੱਟਦੀਆਂ ਟਾਹਣੀਆਂ ਵਾਂਗੂੰ ਉਪਰੋਕਤ ਮਾਂ-ਭਾਸ਼ਾ ਨੂੰ ਜੜ੍ਹ/ਤਣਾ ਮੰਨ ਕੇ ਭਾਸ਼ਾ-ਸਮੂਹਾਂ ਅਤੇ ਭਾਸ਼ਾਵਾਂ ਨੂੰ ਉਸ ਵਿਚੋਂ ਫੁੱਟਦੀਆਂ ਟਾਹਣੀਆਂ ਸਮਝਿਆ ਜਾਂਦਾ ਹੈ।

ਪੂਰੀ ਦੁਨੀਆਂ ਵਿਚ ਭਾਸ਼ਾ-ਪਰਿਵਾਰਾਂ ਦੀ ਗਿਣਤੀ ਕੋਈ 150 ਤੋਂ 250 ਦੇ ਕਰੀਬ ਮੰਨੀ ਜਾਂਦੀ ਹੈ, ਭਾਸ਼ਾਵਾਂ ਸਬੰਧੀ ਅੰਕੜੇ ਅਤੇ ਦਸਤਾਵੇਜ਼ਾਂ ਦੀ ਵੈੱਬਸਾਇਟ Ethnologue ਅਨੁਸਾਰ ਭਾਸ਼ਾ ਪਰਿਵਾਰਾਂ ਦੀ ਗਿਣਤੀ 153 ਹੈ।[3] ਪਰ ਇਸੇ ਤਰ੍ਹਾਂ ਦੀ ਇਕ ਹੋਰ ਵੈੱਬਸਾਇਟ Glottolog ਅਨੁਸਾਰ ਭਾਸ਼ਾ-ਪਰਿਵਾਰਾਂ ਦੀ ਗਿਣਤੀ 245 ਹੈ।[4] ਇਸੇ ਡਾਟਾਬੇਸ ਅਨੁਸਾਰ ਇਹਨਾਂ ਵਿਚੋਂ ਬੁਲਾਰਿਆਂ ਦੀ ਗਿਣਤੀ ਦੇ ਹਿਸਾਬ ਨਾਲ ਹਿੰਦ-ਯੂਰਪੀ ਭਾਸ਼ਾ ਪਰਿਵਾਰ ਸਭ ਤੋਂ ਵੱਡਾ ਹੈ। ਇਹਦੇ ਬੁਲਾਰੇ ਪੂਰੇ ਸੰਸਾਰ ਦੀ ਵੱਸੋਂ ਦਾ 46 ਫ਼ੀਸਦੀ ਬਣਦੇ ਹਨ ਅਤੇ ਇਹਦੀਆਂ ਕੁੱਲ ਭਾਸ਼ਾਵਾਂ 448 ਹਨ।[5] ਇਸੇ ਤਰ੍ਹਾਂ ਭਾਰਤ ਵਿਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਦੇ ਵੱਖ-ਵੱਖ ਭਾਸ਼ਾ-ਪਰਿਵਾਰ ਹਿੰਦ-ਆਰੀਆ, ਦ੍ਰਾਵਿੜ, ਐਸਟਰੋ-ਏਸ਼ੀਆਈ ਅਤੇ ਤਿੱਬਤੀ-ਬਰਮੀ ਭਾਸ਼ਾ ਪਰਿਵਾਰ ਮੰਨੇ ਜਾਂਦੇ ਹਨ ਅਤੇ ਇਹਨਾਂ ਤੋਂ ਇਲਾਵਾ ਅੰਡੇਮਾਨੀ ਨੂੰ ਵੀ ਇਕ ਭਾਸ਼ਾ ਪਰਿਵਾਰ ਦੇ ਤੌਰ 'ਤੇ ਮਾਨਤਾ ਮਿਲਣੀ ਸ਼ੁਰੂ ਹੋ ਗਈ ਹੈ। ਜਿਹੜੀਆਂ ਭਾਸ਼ਾਵਾਂ ਦੀ ਸਮਾਨਤਾ ਦੇ ਆਧਾਰ ਵਜੋਂ ਕੋਈ ਠੋਸ ਪਰਿਵਾਰਕ ਸਾਂਝ ਪ੍ਰਾਪਤ ਨਹੀਂ ਹੁੰਦੀ, ਉਹਨਾਂ ਨੂੰ 'ਲੈਂਗੁਏਜ-ਆਈਸੋਲੇਟਸ' ਆਖਿਆ ਜਾਂਦਾ ਹੈ, ਭਾਵ ਬਿਨ੍ਹਾਂ ਪਰਿਵਾਰ ਤੋਂ ਇਕੱਲ੍ਹੀਆਂ ਵਿਚਰਦੀਆਂ ਭਾਸ਼ਾਵਾਂ Ethnologue ਅਨੁਸਾਰ ਸੰਸਾਰ ਭਰ ਵਿਚ ਇਹ 88[6] ਹਨ, ਪਰ ਘਲੋਟਟੋਲੋਗ ਅਨੁਸਾਰ ਇਹ 184[7] ਹਨ। ਸਪੇਨ ਅਤੇ ਫਰਾਂਸ ਦੇ ਬਾਰਡਰ 'ਤੇ ਬੋਲੀ ਜਾਂਦੀ ਭਾਸ਼ਾ 'ਬਾਸਕ' ਇਕ 'ਲੈਂਗੁਏਜ-ਆਈਸੋਲੇਟ'[8] ਮੰਨੀ ਜਾਂਦੀ ਹੈ, ਉਵੇਂ ਹੀ ਦੱਖਣੀ-ਪੱਛਮੀ ਮੱਧ-ਪ੍ਰਦੇਸ਼ ਅਤੇ ਉੱਤਰੀ-ਪੂਰਬੀ ਮਹਾਰਾਸ਼ਟਰ ਵਿਚ ਤਾਪਤੀ ਨਦੀ ਕਿਨਾਰੇ ਵੱਸਦੇ ਨਿਹਾਲ ਕਬੀਲੇ ਦੀ ਭਾਸ਼ਾ 'ਨਿਹਾਲੀ'[9] ਵੀ 'ਲੈਂਗੁਏਜ-ਆਈਸੋਲੇਟ' ਮੰਨੀ ਜਾਂਦੀ ਹੈ।

ਭਾਸ਼ਾ-ਪਰਿਵਾਰਾਂ ਨੂੰ ਪੜਾਅ ਵਾਰ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ, ਜਿਸ ਵਿਚ ਇਕ ਭਾਸ਼ਾ ਆਪਣੇ ਪਹਿਲਾਂ ਦੀ ਕਿਸੇ ਭਾਸ਼ਾ ਦੀ ਸੰਤਾਨ ਸਮਝੀ ਜਾਂਦੀ ਹੈ ਅਤੇ ਇਹ 'ਮਾਂ-ਭਾਸ਼ਾ' ਅੱਗੋਂ ਕਿਸੇ ਹੋਰ ਭਾਸ਼ਾ ਦੀ ਸੰਤਾਨ ਦੱਸੀ ਜਾਂਦੀ ਹੈ ਅਤੇ ਇਹ ਸਿਲਸਿਲਾ ਓਦੋਂ ਤਕ ਜਾਰੀ ਰਹਿੰਦਾ ਹੈ, ਜਦੋਂ ਤਕ ਉਸ ਭਾਸ਼ਾ ਤਕ ਨਹੀਂ ਅਪੜਿਆ ਜਾਂਦਾ ਜਿਸਨੂੰ ਪੂਰੇ ਭਾਸ਼ਾ-ਪਰਿਵਾਰ ਦੀ ਮਾਂ-ਭਾਸ਼ਾ ਮੰਨਿਆ ਜਾਵੇ। ਪੰਜਾਬੀ ਦੀ ਉਦਾਹਰਨ ਨਾਲ ਇਹਨੂੰ ਦੇਖੀਏ ਤਾਂ ਪੰਜਾਬੀ ਆਧੁਨਿਕ ਹਿੰਦ-ਆਰੀਆ ਭਾਸ਼ਾਵਾਂ ਵਿਚੋਂ ਇਕ ਭਾਸ਼ਾ ਮੰਨੀ ਜਾਂਦੀ ਹੈ, ਪੰਜਾਬੀ ਦਾ ਜਨਮ 11ਵੀਂ


(ਪੰਨੇ 146-165)
**www.sanvad.org**
ISSN : 2395-1273




ਚਿਤਰ–1

ਸਦੀ ਵਿਚ ਅਪਭ੍ਰੰਸ਼ਾਂ ਤੋਂ ਹੋਇਆ ਦੱਸਿਆ ਜਾਂਦਾ ਹੈ। ਇਹ ਅਪਭ੍ਰੰਸ਼ ਅੱਗੇ ਪ੍ਰਾਕ੍ਰਿਤਾਂ ਦੀ ਸੰਤਾਨ ਕਹੀਆਂ ਜਾਂਦੀਆਂ ਹਨ, ਪ੍ਰਾਕ੍ਰਿਤਾਂ ਪਾਲੀ ਦੀ ਸੰਤਾਨ, ਪਾਲੀ ਕਲਾਸਕੀ ਸੰਸਕ੍ਰਿਤ ਦੀ, ਕਲਾਸਕੀ ਸੰਸਕ੍ਰਿਤ ਵੈਦਿਕ ਦੀ, ਵੈਦਿਕ ਨੂੰ ਇਰਾਨੀ ਭਾਸ਼ਾ ਦੇ ਨਾਲ ਜੋੜ ਕੇ ਭਾਰਤੀ-ਇਰਾਨੀ ਭਾਸ਼ਾ-ਪਰਿਵਾਰ ਸ਼ਾਖ ਬਣਦੀ ਹੈ। ਇਹ ਭਾਰਤੀ-ਇਰਾਨੀ ਸ਼ਾਖ ਅੱਗੋਂ ਹਿੰਦ-ਯੂਰਪੀ ਭਾਸ਼ਾ-ਪਰਿਵਾਰ ਦੀ ਇਕ ਸ਼ਾਖ ਆਖੀ ਜਾਂਦੀ ਹੈ।


ਇਸ ਹਿੰਦ-ਯੂਰਪੀ ਭਾਸ਼ਾ ਪਰਿਵਾਰ ਦੀਆਂ ਅੱਠ ਸ਼ਾਖਾਵਾਂ ਹਨ[10], Ethnologue ਅਨੁਸਾਰ ਵੀ ਇਹ ਅੱਠ[11] ਹੀ ਹਨ, ਪਰ Glottolog ਨੇ ਆਪਣੇ ਡਾਟਾਬੇਸ ਵਿਚ ਹਿੰਦ-ਯੂਰਪੀ ਨੂੰ ਪਹਿਲਾਂ ਤਿੰਨ ਭਾਗਾਂ ਐਨਟੋਲੀਯਨ (Antolian), ਕਲਾਸਕੀ ਇੰਡੋ-ਯੂਰਪੀਅਨ (Classical Indo-European) ਅਤੇ ਫਿਰ ਅਵਰਗਕ੍ਰਿਤ (Unclassified) ਵਿਚ ਵੰਡਿਆ, ਜਿਸ ਵਿਚੋਂ ਉਪਰੋਕਤ ਦੋਵਾਂ ਹਵਾਲਿਆਂ ਵਾਲੀ ਵੰਡ ਨੂੰ ਕਲਾਸਕੀ ਇੰਡੋ-ਯੂਰਪੀਅਨ 'ਚ ਰੱਖਿਆ ਅਤੇ ਇਸ ਵਿਚ ਨੌਂ ਸ਼ਾਖਾਵਾਂ ਦੱਸੀਆਂ ਹਨ, ਤੋਂਕਾਰੀਅਨ ਨੂੰ ਵੱਖਰੀ ਸ਼ਾਖ ਦੱਸਿਆ ਹੈ ਅਤੇ ਗਰੀਕ ਸ਼ਾਖਾ ਨੂੰ ਵੀ ਗਰੀਕੋ-ਫਰਿੰਜਿਯਨ ਅਧੀਨ ਰੱਖਿਆ ਹੈ।[12] ਇਹ ਦੇਖਕੇ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਪਰਿਵਾਰਾਂ ਦੀ ਗਿਣਤੀ ਵਾਲਾ ਮਸਲਾ ਅਜੇ ਪੱਕੇ ਪੈਰੀਂ ਨਹੀਂ ਹੋਇਆ। ਭਾਸ਼ਾ ਪਰਿਵਾਰ ਖ਼ਾਸ ਕਰਕੇ ਹਿੰਦ-ਯੂਰਪੀ ਭਾਸ਼ਾ-ਪਰਿਵਾਰ ਸਬੰਧੀ ਪ੍ਰਵਚਨ ਨੂੰ ਮਸ਼ਹੂਰ ਕਰਨ ਵਾਲੇ ਵਿਲਿਅਮ ਜੋਨਸ (William Johns) ਨੇ 2 ਫਰਵਰੀ 1786 ਨੂੰ ਕਲਕੱਤਾ ਵਿਖੇ ਦਿੱਤੇ ਭਾਸ਼ਣ ਵਿਚ ਕਿਹਾ :

> ਸੰਸਕ੍ਰਿਤ ਭਾਸ਼ਾ, ਭਾਵੇਂ ਕਿੰਨੀ ਵੀ ਪੁਰਾਣੀ ਹੋਵੇ, ਇਹਦੀ ਬਣਤਰ ਸ਼ਾਨਦਾਰ ਹੈ, ਇਹ ਗ੍ਰੀਕ ਨਾਲੋਂ ਵੱਧ ਸੰਪੂਰਨ, ਲਤੀਨੀ ਤੋਂ ਵਧੇਰੇ ਸਮਰੱਥ, ਅਤੇ ਦੋਵਾਂ ਨਾਲੋਂ ਹੀ ਉੱਤਮ ਹੈ, ਫਿਰ ਵੀ ਦੋਵਾਂ ਨਾਲ, ਕਿਰਿਆ ਧਾਤੂਆਂ ਅਤੇ ਵਿਆਕਰਣ ਬਣਤਰ ਪੱਖੋਂ ਮਜਬੂਤ ਸਬੰਧ ਰੱਖਦੀ ਹੈ, ਇਹ ਸਬੰਧ ਕਿਸੇ ਵੀ ਇਤਿਫਾਕ ਰਾਹੀਂ ਪੈਦਾ ਹੋਣ ਵਾਲੇ ਸਬੰਧਾਂ ਤੋਂ ਵਧੇਰੇ ਹੈ, ਅਤੇ ਦਰਅਸਲ ਇੰਨਾ ਮਜਬੂਤ ਹੈ, ਕਿ ਕੋਈ ਵੀ ਧੁਨੀ-ਸ਼ਾਸਤਰੀ, ਤਿੰਨਾਂ ਨੂੰ ਇੱਕੋ ਸੋਮੇ ਉਹ ਸੋਮਾ ਜਿਹੜਾ ਸ਼ਾਇਦ ਹੁਣ ਹੋਂਦ ਨਹੀਂ ਰੱਖਦਾ ਤੋਂ ਫੁੱਟੀਆ ਹੋਈਆਂ ਭਾਸ਼ਾਵਾਂ ਤਸੱਵਰ ਕੀਤੇ ਬਿਨਾਂ, ਕਿਸੇ ਇਕ ਨੂੰ ਵੀ ਨੂੰ ਜਾਂਚ-ਪਰਖ ਨਹੀਂ ਸਕਦਾ, ਇਹਦਾ ਕਾਰਨ ਅਨੁਰੂਪਤਾ ਹੈ, ਭਾਵੇਂ ਕਿ ਗੌਥਿਕ ਅਤੇ ਕੈਲਟਿਕ ਦੋਵੇਂ ਹੀ ਬੜੇ ਵੱਖਰੇ ਮੁਹਾਵਰੇ ਵਿਚ ਗੁੰਨੀਆਂ ਹੋਈਆਂ ਹਨ, ਇਹ ਮੰਨਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਇਹਨਾਂ ਦੀ ਉੱਤਪਤੀ ਸੰਸਕ੍ਰਿਤ ਨਾਲ ਸਾਂਝੀ ਹੈ, ਅਤੇ ਪੁਰਾਣੀ ਫ਼ਾਰਸੀ ਵੀ ਸ਼ਾਇਦ ਇਸੇ ਪਰਿਵਾਰ ਵਿਚ ਰੱਖੀ ਜਾ ਸਕਦੀ ਹੈ।[13]

ਉਪਰੋਕਤ ਟਿੱਪਣੀ ਮਹਿਜ ਇਕ ਆਮ ਟਿੱਪਣੀ ਤਕ ਸੀਮਤ ਨਾ ਰਹੀ। ਇਹਨੇ ਪਿੱਛੇ 240 ਸਾਲਾਂ ਤੋਂ ਨਾ ਸਿਰਫ ਭਾਸ਼ਾਵਾਂ ਦੇ ਇਤਿਹਾਸ ਨੂੰ ਬਲਕਿ ਪੂਰੇ ਸੰਸਾਰ ਦੇ ਇਤਿਹਾਸ ਅਤੇ ਰਾਜਨੀਤੀ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ, ਦਰਹਕੀਕਤ ਇਹ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੇ ਮਤਾਂ ਵਿਚ ਬੇਹੱਦ ਮਹੱਤਵਪੂਰਨ ਥਾਂ ਰੱਖਦੀ ਹੈ। ਇਸ ਬਾਬਤ ਅਭਯ ਦੂਬੇ ਦੀ ਇਹ ਟਿੱਪਣੀ ਵਿਚਾਰਨ ਯੋਗ ਹੈ ਕਿ "ਸਾਡੇ ਲਈ ਕੇਂਦਰੀ ਮਹੱਤਵ ਦੀ ਗੱਲ ਇਹ ਹੈ ਕਿ ਇਸ ਵਿਚਾਰਧਾਰਾ ਦੇ ਇਤਿਹਾਸ ਦਾ ਇਹ ਬੁਨਿਆਦੀ ਅਧਿਆਇ ਭਾਰਤ ਦੀ ਧਰਤੀ 'ਤੇ ਵਾਪਰਿਆ ਸੀ, ਇਹਦੇ 'ਤੇ ਅਧਾਰਿਤ ਚਿੰਤਨ ਅਤੇ ਇਹਦੇ ਵਿਹਾਰਿਕ ਨਤੀਜੇ ਅਜੇ ਤਕ ਭਾਰਤੀ ਰਾਜਨੀਤੀ ਦੇ ਸੋਚਣ-ਵਿਚਾਰਨ ਦੇ ਤੌਰ-ਤਰੀਕਿਆਂ ਨੂੰ ਪ੍ਰਭਾਵਿਤ ਕਰ ਰਹੇ ਹਨ।"[14] ਇਸ ਮਤ ਵਿਚ ਸੰਸਕ੍ਰਿਤ, ਗ੍ਰੀਕ ਅਤੇ ਲਤੀਨੀ ਤਿੰਨਾਂ


ਭਾਸ਼ਾਵਾਂ ਨੂੰ ਭੈਣਾਂ ਮੰਨ ਕੇ ਇਹਨਾਂ ਤਿੰਨਾਂ ਨੂੰ ਇੱਕੋ ਸ਼ਾਖ ਤੋਂ ਫੁੱਟੀਆਂ ਅਤੇ ਅੱਗੋਂ ਇਹਨਾਂ ਤਿੰਨਾਂ ਤੋਂ ਵੱਖਰੀਆਂ-ਵੱਖਰੀਆਂ ਸ਼ਾਖਾਵਾਂ ਦਾ ਫੁੱਟਣਾ ਮੰਨਿਆ ਜਾਂਦਾ ਹੈ, ਜਿਹਨਾਂ ਤੋਂ ਹਿੰਦ-ਯੂਰਪੀ ਪਰਿਵਾਰ ਦੀਆਂ ਵੱਖਰੀਆਂ-ਵੱਖਰੀਆਂ, ਹੁਣ ਤਕ ਬੋਲੀਆਂ ਜਾਂਦੀਆਂ ਭਾਸ਼ਾਵਾਂ ਜਨਮੀਆਂ। ਇਹਨਾਂ ਤਿੰਨਾਂ ਦੀ ਇਕ ਮਾਂ-ਭਾਸ਼ਾ, 'ਪਰੋਟੋ-ਹਿੰਦ-ਯੂਰਪੀ' ਆਖੀ ਜਾਂਦੀ ਹੈ। ਇਸ ਤੋਂ ਵੀ ਅੱਗੇ ਸਾਰੇ ਪਰਿਵਾਰਾਂ ਦੀਆਂ ਆਦਿ ਭਾਸ਼ਾਵਾਂ ਨੂੰ ਵੀ ਇਕੋ ਭਾਸ਼ਾ ਦੀ ਸ਼ਾਖ ਕਿਹਾ ਜਾਂਦਾ ਹੈ, ਇਸ ਭਾਸ਼ਾ ਨੂੰ ਮੈਕਰੋ-ਭਾਸ਼ਾ ਮੰਨਿਆ ਜਾਂਦਾ ਹੈ ਅਤੇ ਇਹਦਾ ਨਾਮ 'ਨੋਸਟਰੈਕਟਿਕ' (Nostratic) ਭਾਸ਼ਾ-ਪਰਿਵਾਰ ਰੱਖਿਆ ਗਿਆ ਹੈ।[15] ਸੋ ਸਾਡੇ ਲਈ ਕਿਸੇ ਭਾਸ਼ਾ-ਪਰਿਵਾਰ ਦੀ ਬਣਤਰ ਦੀ ਪ੍ਰਕਿਰਿਆ ਉੱਤੇ ਵਿਸਥਾਰ ਨਾਲ ਚਰਚਾ ਕਰਨੀ ਲੋੜੀਂਦੀ ਹੈ। ਉਦਾਹਰਣ ਵਜੋਂ ਅਸੀਂ ਹੇਠਾਂ ਦਿੱਤੀ ਤਸਵੀਰ ਨੂੰ ਮਾਡਲ ਦੇ ਤੌਰ 'ਤੇ ਦੇਖ ਸਕਦੇ ਹਾਂ।

ਜੇਕਰ ਅਸੀਂ ਉਪਰੋਕਤ ਧਾਰਨਾਵਾਂ ਨੂੰ ਆਧਾਰ ਬਣਾਈਏ ਤਾਂ, ਇਹ ਸਾਰੀਆਂ ਹੀ, ਸਭ ਭਾਸ਼ਾਵਾਂ ਦੀ ਜਣਨੀ ਇਕ ਪੂਰਨ-ਵਿਕਸਿਤ 'ਆਦਿ-ਭਾਸ਼ਾ' ਨੂੰ ਮੰਨ ਕੇ ਚੱਲਦੀਆਂ ਹਨ, ਜਿਹਦੇ ਤੋਂ ਬਾਕੀ ਸਾਰੀਆਂ ਭਾਸ਼ਾਵਾਂ ਕਿਸੇ ਦਰਖਤ ਦੀਆਂ ਟਹਿਣੀਆਂ ਦੀ ਤਰ੍ਹਾਂ ਫੁੱਟਦੀਆਂ ਹਨ ਅਤੇ ਆਪਣੀ ਸਮੱਗਰੀ ਵਗੈਰਾ ਲਈ ਇਸੇ ਭਾਸ਼ਾ 'ਤੇ ਸਦਾ ਨਿਰਭਰ ਰਹਿੰਦੀਆਂ ਹਨ ਅਤੇ ਆਪਣੀ ਸਮੱਗਰੀ ਨੂੰ ਇਸੇ ਦੀਆਂ ਧੁਨੀਆਂ, ਸ਼ਬਦਾਂ ਅਤੇ ਵਾਕ-ਬਣਤਰਾਂ ਦੇ ਰੁਪਾਂਤਰਨ ਦੇ ਰੂਪ ਵਿਚ ਗ੍ਰਹਿਣ ਕਰਦੀਆਂ ਹਨ। ਇਸੇ ਕਰਕੇ ਇਸ ਪੂਰੀ ਬਣਤਰ ਨੂੰ 'ਪਰਿਵਾਰ-ਬਿਰਖ' (family tree) ਆਖਿਆ ਜਾਂਦਾ ਹੈ।




ਚਿਤਰ–2

ਇਸ ਮਾਡਲ ਨੂੰ ਜੇਕਰ ਹਿੰਦ-ਯੂਰਪੀ ਭਾਸ਼ਾਵਾਂ ਨਾਲ ਜੋੜ ਕੇ ਦੇਖਣਾ ਹੋਵੇ ਤਾਂ ਇਹ ਪਰਿਵਾਰ-ਬਿਰਖ, ਚਿੱਤਰ-3[16] ਅਨੁਸਾਰ ਲੱਗਦਾ ਹੈ।




ਚਿੱਤਰ-3 (ਹਿੰਦ ਯੂਰਪੀ ਭਾਸ਼ਾ-ਪਰਿਵਾਰ ਬਿਰਖ)

ਇਸ ਤਰ੍ਹਾਂ ਪਰਿਵਾਰ-ਬਿਰਖ ਬਣਾਉਣ ਦੀ ਪਰੰਪਰਾ ਬਾਇਬਲ (ਓਲਡ ਟੈਸਟਾਮੈਂਟ) ਦੀ 'ਬੁੱਕ ਆਫ ਜੈਨੇਸਿਸ' 'ਤੇ ਆਪਣਾ ਆਧਾਰ ਰੱਖਦੀ ਹੈ, ਜਿਸ ਵਿਚ ਈਸ਼ਵਰ ਵੱਲੋਂ ਸ੍ਰਿਸ਼ਟੀ ਦੀ ਰਚਨਾ ਦਾ ਵਿਖਿਆਨ ਪੇਸ਼ ਕੀਤਾ ਗਿਆ ਹੈ। ਇਸ ਵਿਚ ਪਹਿਲੇ ਮਨੁੱਖ (ਆਦਮ) ਨੂੰ ਪੈਦਾ ਕਰਨ ਅਤੇ ਉਹਦੀ ਸਹੂਲਤ ਵਾਸਤੇ ਸਾਰੀਆਂ ਵਸਤਾਂ ਬਣਾਉਣ ਦਾ ਜ਼ਿਕਰ ਕੀਤਾ ਗਿਆ ਹੈ। ਦੂਜੇ ਅਧਿਆਇ ਦੀ 19ਵੀਂ ਅਤੇ 20ਵੀਂ ਆਇਤ (Genesis


ISSN : 2395-1273

2:19-20) ਅਨੁਸਾਰ ਈਸ਼ਵਰ ਨੇ ਆਦਮ ਨੂੰ ਇਸ ਕਾਬਲ ਬਣਾਇਆ ਕਿ ਉਹ ਈਸ਼ਵਰ ਵੱਲੋਂ ਬਣਾਈਆਂ ਸਾਰੀਆਂ ਚੀਜ਼ਾਂ ਦਾ ਨਾਮਕਰਨ ਕਰ ਸਕੇ। ਇਹ ਬਖਸ਼ਿਸ਼ ਆਦਮ ਨੂੰ ਉਸ ਲਈ 'ਯੋਗ ਸਹਿਯੋਗੀ' (ਈਵ) ਪੈਦਾ ਕਰਨ ਤੋਂ ਵੀ ਪਹਿਲਾਂ ਦਿੱਤੀ ਗਈ ਸੀ।[17] ਇਹ ਨਾਮਕਰਨ ਦੀ ਯੋਗਤਾ ਹੀ 'ਬੁੱਕ ਆਫ ਜੈਨੇਸਿਸ' ਅਨੁਸਾਰ ਮਨੁੱਖ ਲਈ ਭਾਸ਼ਾ ਦੀ ਸ਼ੁਰੂਆਤ ਸੀ। ਇਸ ਪਹਿਲੀ ਭਾਸ਼ਾ ਨੂੰ ਸਾਰੀਆਂ ਭਾਸ਼ਾਵਾਂ ਦਾ ਆਦਿ ਬਿੰਦੂ ਮੰਨਿਆ ਜਾਂਦਾ ਅਤੇ ਈਸ਼ਵਰ ਨੂੰ ਇਹਦਾ ਕਰਤਾ। 16ਵੀਂ-17ਵੀਂ ਸਦੀ ਦਾ ਅੰਗਰੇਜ਼ ਫਿਲਾਸਫ਼ਰ ਥੋਮਸ ਹਾਬਸ (Thomas Hobes) ਲਿਖਦਾ ਹੈ :

> ਭਾਸ਼ਾ ਦਾ ਪਹਿਲਾ ਕਰਤਾ ਈਸ਼ਵਰ ਆਪ ਸੀ, ਜਿਹਨੇ ਆਦਮ ਨੂੰ ਇਹ ਨਿਰਦੇਸ਼ ਦਿੱਤਾ ਕਿ ਉਹ ਉਹਨਾਂ ਸਾਰੀਆਂ ਰਚਨਾਵਾਂ ਦਾ ਨਾਮਕਰਨ ਕਰੇ ਜਿਹੜੀਆਂ ਈਸ਼ਵਰ ਨੇ ਉਹਦੀ ਨਜਰ ਕੀਤੀਆਂ ਹਨ।[18]

17ਵੀਂ-18ਵੀਂ ਸਦੀ ਦੇ ਮਸ਼ਹੂਰ ਅੰਗਰੇਜ ਦਾਰਸ਼ਨਿਕ ਜੋਹਨ ਲੌਕ (John Locke), ਅਨੁਸਾਰ ਵੀ :

> ਈਸ਼ਵਰ ਨੇ ਮਨੁੱਖ ਨੂੰ ਸਮਾਜਕ੍ਰਿਤ ਹੋਣ ਵਾਸਤੇ ਘੜਿਆ, ਅਤੇ ਨਾ ਸਿਰਫ ਆਪਣੇ ਵਰਗੇ ਲੋਕਾਂ ਨਾਲ ਮੇਲ-ਜੋਲ ਦੀ ਪ੍ਰਵਿਰਤੀ ਨਾਲ ਨਿਵਾਜਿਆ ਸਗੋਂ ਇਸ ਜਰੂਰਤ ਦੀ ਪੂਰਤੀ ਲਈ ਉਹਨੂੰ ਭਾਸ਼ਾ ਬਖਸ਼ੀ, ਜਿਹੜੀ ਕਿ ਸਮਾਜ ਵਿਚ ਇਕ ਸਾਂਝੀ ਕੜੀ ਅਤੇ ਮਹਾਨ ਉਪਕਰਨ ਹੈ।[19]


ਇਥੇ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਇਹਨਾਂ ਦਾਰਸ਼ਨਿਕਾਂ ਦਾ ਸਮਾਂ ਯੂਰਪ ਦੇ 'ਗਿਆਨ-ਯੁੱਗ' (Age of Enlightenment) ਦੇ ਉਦੈ ਦਾ ਸਮਾਂ ਹੈ ਅਤੇ ਜੋਹਨ ਲੌਕ ਨੂੰ 'ਉਦਾਰਵਾਦ ਦਾ ਪਿਤਾਮਾ' ਵੀ ਆਖਿਆ ਜਾਂਦਾ ਹੈ। ਇਹ ਤੱਥ ਇਸ ਕਰਕੇ ਦਰਜ ਕਰਨੇ ਜਰੂਰੀ ਹਨ ਕਿਉਂਕਿ ਜਿਹੜੇ ਭਾਸ਼ਾ-ਵਿਗਿਆਨੀਆਂ ਨੇ ਭਾਸ਼ਾ-ਪਰਿਵਾਰ ਦਾ ਸੰਕਲਪ ਪੇਸ਼ ਕੀਤਾ, ਉਹ ਜ਼ਿਆਦਾਤਰ ਇਸੇ ਦੌਰ ਦੇ ਹਨ ਅਤੇ ਇਹਨਾਂ ਉਪਰੋਕਤ ਫਿਲਾਸਫਰਾਂ ਤੋਂ ਪ੍ਰਭਾਵਿਤ ਸਨ। ਭਾਸ਼ਾ ਦੀ ਉੱਤਪਤੀ ਨੂੰ 'ਰਚਨਾ' ਜਾਂ 'ਤੋਹਫੇ' ਦੇ ਤੌਰ 'ਤੇ ਦੇਖਣ ਵਾਲਾ ਦ੍ਰਿਸ਼ਟੀਕੋਣ ਸਾਨੂੰ ਭਾਸ਼ਾ ਦੀ 'ਏਕਉੱਤਪਤੀ' (Monogenesis) ਵਿਚਾਰ ਤਕ ਲੈ ਜਾਂਦਾ ਹੈ। ਇਹ ਦ੍ਰਿਸ਼ਟੀਕੋਣ, ਕਿਸੇ ਇਕੋ 'ਆਦਿ ਮਾਂ-ਭਾਸ਼ਾ' ਦੀ ਵਕਾਲਤ ਕਰਦਾ ਹੈ, ਜਿਸਤੋਂ ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਘੜੀਆਂ ਗਈਆਂ।[20] ਸੋ ਉਪਰੋਕਤ ਟਿੱਪਣੀਆਂ ਅਤੇ 'ਬੁੱਕ ਆਫ ਜੈਨੇਸਿਸ' ਵਿਚ ਪੇਸ਼ ਹੋਏ ਮੱਤ ਇਸ ਗੱਲੋਂ ਆਪਸੀ ਸਾਂਝ ਰੱਖਦੇ ਹਨ ਅਤੇ 'ਆਦਿ-ਮਾਂ-ਭਾਸ਼ਾ' ਦੀ ਹੋਂਦ ਨੂੰ ਸਵਿਕਾਰਨਾ, 'ਆਦਿ-ਮਨੁੱਖ'; ਆਦਮ ਅਤੇ ਈਵ ਨੂੰ ਸਵੀਕਾਰ ਕਰਨ ਵਾਂਗ ਹੀ ਹੈ। ਜਿਵੇਂ ਪੂਰੀ ਮਨੁੱਖਤਾ ਆਦਮ ਅਤੇ ਈਵ ਦੀ ਸੰਤਾਨ ਮੰਨੀ ਜਾਂਦੀ ਹੈ, ਉਵੇਂ ਹੀ ਸਾਰੀਆਂ ਭਾਸ਼ਾਵਾਂ ਆਦਮ ਦੀ ਭਾਸ਼ਾ ਦੀ ਸੰਤਾਨ ਆਖੀਆਂ ਜਾਂਦੀਆਂ ਹਨ ਅਤੇ ਪੀੜ੍ਹੀ ਦਰ ਪੀੜ੍ਹੀ, ਇਕ ਭਾਸ਼ਾ ਤੋਂ ਦੂਜੀ ਭਾਸ਼ਾ ਦਾ ਜਨਮ ਹੁੰਦਿਆਂ, ਆਧੁਨਿਕ ਭਾਸ਼ਾਵਾਂ ਬਣੀਆਂ ਹਨ।

ਭਾਸ਼ਾ-ਪਰਿਵਾਰ ਬਿਰਖ ਦੇ ਸੰਕਲਪ ਬਾਰੇ ਚਰਚਾ ਕਰਦਿਆਂ ਥੌਮਸ ਟਰਾਉਟਮੈਨ (Trautmann, Thomas) ਨੇ ਆਪਣੀ ਕਿਤਾਬ 'Aryans and British India' ਵਿਚ ਇਸ ਬਣਤਰ ਨੂੰ "ਮੋਜ਼ਿਕ ਇਥਨੋਲਜੀ"[21] ਆਖਿਆ ਹੈ, ਇਥੇ ਮੌਜ਼ਿਕ ਦਾ ਸਬੰਧ ਹਜਰਤ ਮੂਸਾ ਨਾਲ ਅਤੇ ਇਥਨੋਲਜੀ ਦਾ ਸਬੰਧ ethnic (ਨਸਲੀ) ਨਾਲ ਹੈ। ਉਸ ਅਨੁਸਾਰ 1780 ਤੋਂ 1850 ਦੇ ਸਮੇਂ 'ਚ ਵਿਲਿਅਮ ਜੋਨਸ ਤੋਂ ਲੈ ਕੇ ਜੇਮਸ ਕੌਲਸ (James Cowles) ਤਕ 'ਪਰਿਵਾਰ-ਬਿਰਖ', ਭਾਸ਼ਾ-ਵਿਗਿਆਨ ਅਤੇ ਜੀਵ-ਵਿਗਿਆਨ ਵਿਚ ਇਕ ਤਾਕਤਵਰ ਸੰਕਲਪ ਰਿਹਾ। ਉਹ 18ਵੀਂ ਤੇ 19ਵੀਂ ਸਦੀ ਦੇ ਬਰਤਾਨਵੀ ਅਤੇ ਅਮਰੀਕੀ ਨਸਲਵਾਦੀ ਵਿਚਾਰ ਨੂੰ ਦੋ ਪ੍ਰਮੁੱਖ ਨਮੂਨਿਆਂ ਤੋਂ ਅਗਵਾਈ ਲੈ ਰਿਹਾ ਮੰਨਦਾ ਹੈ, ਜਿਸ ਵਿਚੋਂ ਇਕ 'ਕੌਮਾਂ ਦਾ ਬਿਰਖ' (tree of nations) ਅਤੇ ਦੂਜਾ ਹੈ ਇਕ ਰੂਪ ਤੋਂ ਦੂਜੇ ਰੂਪ ਵਿਚ ਪੌੜੀਨੁਮਾਂ ਰੂਪਾਂਤਰਨ ਦਾ ਨਮੂਨਾ। ਇਸ ਰੂਪਾਂਤਰ ਨੂੰ ਉਹ ਅਰਸਤੂ ਦੇ 'scale of nature' ਦਾ ਵਿਸਤਾਰ ਕਹਿੰਦਾ ਹੈ ਅਤੇ 'ਬਿਰਖ' ਨੂੰ 'ਬੁੱਕ ਆਫ ਜੈਨੇਸਿਸ' ਵਿਚਲਾ 'ਕੌਮਾਂ ਦਾ ਬਿਰਖ' (tree of nations) ਦਾ। ਇਹ ਵਰਤਾਰਾ ਜੈਨੇਸਿਸ ਵਿਚ ਮੂਸਾ ਨਾਲ ਜੁੜਿਆ ਹੈ, ਇਸੇ ਕਰਕੇ ਟਰਾਉਟਮੈਨ ਇਹਨੂੰ 'ਮੋਜ਼ਿਕ ਇਥਨੋਲਜੀ' ਕਹਿੰਦਾ ਹੈ। ਸਾਰ-ਤੱਤ ਵਿਚ ਇਸ ਪਰਿਵਾਰ-ਬਿਰਖ ਬਾਰੇ ਗੱਲ ਕਰਦਿਆਂ ਟਰਾਉਟਮੈਨ ਇਹਨੂੰ ਅਨੁਭਾਗੀ ਵੰਸਾਵਲੀ (segmentary lineage) ਦੱਸਦਾ ਹੈ, ਜਿਹਦੇ ਵਿਚ ਜੀਵਾਂ ਦਾ ਸਬੰਧ ਆਪਸ ਵਿਚ ਸਾਂਝੀ ਜੱਦ ਦੇ ਆਧਾਰ 'ਤੇ ਹੁੰਦਾ ਹੈ। ਇਸ ਬਣਤਰ ਵਿਚ ਸਾਰੇ ਹੀ ਇਕ-ਦੂਜੇ ਦੇ ਸਬੰਧੀ ਹੁੰਦੇ ਹਨ ਅਤੇ ਇਕ ਪੀੜ੍ਹੀ ਦੇ ਸਾਰੇ ਇਕ-ਦੂਜੇ ਦੇ ਭੈਣ-ਭਰਾ ਜਾਂ ਫਿਰ Cousin ਹੁੰਦੇ ਹਨ ਅਤੇ ਅਖੀਰੀਂ ਇਹ ਇਕ ਆਦਰਸ਼ ਅੰਤ 'ਤੇ ਮੁੱਕਦਾ ਹੈ, ਜਿਹਦਾ ਕੋਈ ਅਦਿੱਖ ਕਰਤਾ ਹੈ। ਭਾਸ਼ਾਵਾਂ ਦੇ ਮਾਮਲੇ ਵਿਚ ਵੀ ਪਰਿਵਾਰ-ਬਿਰਖ ਇਸੇ ਅਨੁਭਾਗੀ ਵੰਸਾਵਲੀ[22] ਦੇ ਸੰਕਲਪ ਦਾ ਪੈਰੋਕਾਰ ਹੈ। ਬਿਰਖ-ਚਿੱਤਰ ਦੀ ਸਮੁੱਚਤਾ, ਇਹਦੇ ਖੰਡਾਂ ਤੋਂ ਬਣਦੀ ਹੈ। ਹਰੇਕ ਖੰਡ

ਬਿਨ੍ਹਾਂ ਕਿਸੇ ਪੈਮਾਨੇ ਦੀ ਪਰਵਾਹ ਕੀਤੇ ਬਾਕੀਆਂ ਦੇ ਬਰਾਬਰ ਹੁੰਦਾ ਹੈ ਅਤੇ ਵੱਡੀਆਂ ਇਕਾਈਆਂ ਛੋਟੀਆਂ ਦੇ ਇੱਕਠ ਨਾਲ ਬਣੀਆਂ ਹੁੰਦੀਆਂ ਹਨ।

**ਭਾਸ਼ਾ-ਪਰਿਵਾਰ-ਬਿਰਖ:**

ਭਾਸ਼ਾ-ਪਰਿਵਾਰ-ਬਿਰਖ 'ਬੁੱਕ ਆਫ ਜੈਨਿਸਿਸ' ਦੀਆਂ ਕਹਾਣੀਆਂ ਉੱਤੇ ਅਧਾਰਿਤ ਹੈ ਅਤੇ ਇਹਨਾਂ ਕਹਾਣੀਆਂ ਤੋਂ ਪ੍ਰੇਰਿਤ ਹੋ ਕੇ ਸਮੇਂ-ਸਮੇਂ 'ਤੇ ਭਾਸ਼ਾ-ਪਰਿਵਾਰ ਬਣਾਉਣ ਦੇ ਯਤਨ ਹੁੰਦੇ ਰਹੇ ਹਨ। ਪਾਦਰੀਆਂ ਅਤੇ ਇਹਨਾਂ ਮਿੱਥਾਂ ਵਿਚ ਯਕੀਨ ਕਰਨ ਵਾਲੇ ਭਾਸ਼ਾ-ਸ਼ਾਸਤਰੀਆਂ ਵੱਲੋਂ ਇਹ ਯਤਨ ਕਈ ਵਾਰ ਕੀਤੇ ਗਏ। 7ਵੀਂ ਸਦੀ ਵਿਚ ਸਪੇਨ ਦੇ ਸ਼ਹਿਰ ਸੈਵਿਲ ਦੇ ਵਸਨੀਕ ਪਾਦਰੀ ਇਜੀਦੌਰਸ (Isidorus) ਨੇ ਭਾਸ਼ਾਵਾਂ ਦਾ ਬਿਰਖ ਬਣਾਇਆ। ਉਸ ਮੁਤਾਬਕ ਭਾਸ਼ਾਵਾਂ ਵਿਚ ਵਿਭਿੰਨਤਾ, ਈਸ਼ਵਰ ਦੁਆਰਾ ਮਨੁੱਖਤਾ ਦੇ ਖਾਤਮੇ ਲਈ ਪੈਦਾ ਕੀਤੇ ਹੜ੍ਹ ਤੋਂ ਬਾਅਦ ਬਣੇ 'ਬੇਬਲ ਦੇ ਮਿਨਾਰ' ਵਿਚ ਉਤਪੰਨ ਹੋਈ, ਮਨੁੱਖਤਾ ਵਿਚ ਵਿਭਿੰਨਤਾ ਅਤੇ ਉਹਨਾਂ ਸਾਰਥਕ ਧੁਨੀਆਂ ਵਿਚ ਵਿਭਿੰਨਤਾ ਪੈਦਾ ਹੋਣ ਤੋਂ ਪਹਿਲਾਂ, ਸਾਰੇ ਰਾਸ਼ਟਰਾਂ ਦੀ ਇਕੋ ਭਾਸ਼ਾ ਸੀ, ਜਿਹਨੂੰ ਇਜ਼ੀਡੋਰ ਹਿਬਰੂ ਆਖਦਾ ਹੈ। ਮਨੁੱਖਤਾ ਦੀ ਭਾਸ਼ਾਈ ਵਿਭਿੰਨਤਾ ਨੇ ਹੀ ਰਾਸ਼ਟਰਾਂ ਨੂੰ ਹੋਂਦ ਵਿਚ ਲਿਆਂਦਾ।[23] 1671 ਵਿਚ ਜੋਰਜ ਸਤਰੈਨਹਮ (Georg Stiernhielm) ਨੇ 16 ਭਾਸ਼ਾਵਾਂ ਦਾ ਇਕ ਸਾਦਾ ਜਿਹਾ ਬਿਰਖ ਪੇਸ਼ ਕੀਤਾ।[24] 1689 ਵਿਚ ਜੋਰਜ ਹੀਕਸ (George Hickes) ਨੇ ਗੋਥਿਕ ਭਾਸ਼ਾਵਾਂ ਦਾ ਬਿਰਖ[25] ਪੇਸ਼ ਕੀਤਾ। (ਦੇਖੋ ਚਿੱਤਰ-4)




ਚਿੱਤਰ-4 (ਗੋਥਿਕ ਭਾਸ਼ਾਵਾਂ ਦਾ ਬਿਰਖ)

ਫਿਰ ਸੰਨ 1800 ਵਿਚ ਫੈਲਿਕਸ ਗੈਲੇ (Felix Gallet) ਨੇ 'ਜਿਉਂਦੀਆਂ ਅਤੇ ਮਰੀਆਂ ਭਾਸ਼ਾਵਾਂ ਦਾ ਬਿਰਖ' (Arbre GÏnÏalogique des langues mortes et vivantes) ਤਿਆਰ ਕੀਤਾ (ਚਿੱਤਰ-5), ਜਿਸ





ਚਿੱਤਰ-5 (ਫੈਲਿਕਸ ਗੈਲੇਟ ਦਾ 'ਜਿਉਂਦੀਆਂ ਅਤੇ ਮਰੀਆਂ ਭਾਸ਼ਾਵਾਂ ਦਾ ਬਿਰਖ')


ISSN : 2395-1273


ਵਿਚ ਤਣੇ ਦੇ ਦੋ ਭਾਗ ਹਨ, ਇਕ ਭਾਗ ਮਾਦਾ ਹੈ (La Langue Primitive) ਅਤੇ ਦੂਜਾ ਨਰ (Le Celte), ਇਹਨਾਂ ਦੀਆਂ ਸੰਤਾਨਾਂ ਨਰ ਵੀ ਹਨ ਅਤੇ ਮਾਦਾ ਵੀ ਅਤੇ ਇਹਨਾਂ ਵਿਚ ਪ੍ਰਜਣਨ ਵੀ ਹੁੰਦਾ ਹੈ।[27]

'ਬੁੱਕ ਆਫ ਜੈਨੇਸਿਸ' ਦੇ 11ਵੇਂ ਅਧਿਆਇ ਵਿਚ 'ਬੇਬਲ ਦੀ ਮਿਨਾਰ' ਬਾਰੇ ਦੱਸਿਆ ਗਿਆ ਹੈ, ਜਦੋਂ 'ਆਦਮ' ਦੀ ਦਸਵੀਂ ਪੀੜ੍ਹੀ ਤੋਂ ਈਸ਼ਵਰ ਨੇ ਮਨੁੱਖਾਂ ਦੇ ਪਾਪਾਂ ਦਾ ਬਦਲਾ ਲਿਆ, ਉਸ ਵੇਲੇ ਉਹਨੇ 'ਨੌਹ' ਨੂੰ ਪਹਿਲਾਂ ਹੀ ਇਕ ਕਿਸ਼ਤੀ ਬਣਾਉਣ ਦਾ ਹੁਕਮ ਦਿੱਤਾ, ਇਸ ਕਿਸ਼ਤੀ ਨੂੰ 'ਨੌਹ-ਆਰਕ' ਕਹਿੰਦੇ ਹਨ, ਜਿਸ ਵਿਚ ਧਰਤੀ ਦੀ ਹਰੇਕ ਪ੍ਰਜਾਤੀ ਦੇ ਇਕ-ਇਕ ਜੋੜੇ ਨੂੰ ਥਾਂ ਦਿੱਤੀ ਗਈ ਅਤੇ ਇਸ ਆਰਕ ਵਿਚ ਮੌਜੂਦ ਜੀਵਾਂ ਨੂੰ ਛੱਡ ਕੇ ਬਾਕੀ ਸਾਰੀ ਕਾਇਨਾਤ ਨੂੰ ਈਸ਼ਵਰ ਨੇ ਹੜ੍ਹ ਵਿਚ ਖਤਮ ਕਰ ਦਿੱਤਾ। ਇਹਨਾਂ ਨੌਹ ਦੇ ਵੰਸ਼ਜਾਂ ਨੇ ਮਿਲ ਕੇ ਇਕ ਥਾਂ 72 ਘਰਾਂ ਦਾ ਪਹਿਲਾ ਮਨੁੱਖੀ ਸਮਾਜ ਵਸਾਇਆ, ਇਹ ਸਾਰੇ ਈਸ਼ਵਰ ਅਤੇ ਆਦਮ ਦੀ ਭਾਸ਼ਾ 'ਹਿਬਰੂ' ਬੋਲਦੇ ਸਨ। ਇਹਨਾਂ ਵੰਸ਼ਜਾਂ ਨੇ ਹੀ ਸਮਾਂ ਪਾ ਕੇ ਬੇਬਲ ਦੀ ਮਿਨਾਰ ਦਾ ਨਿਰਮਾਣ ਕੀਤਾ, ਜਿਹਦਾ ਉਪਰਲਾ ਸਿਰਾ ਸਵਰਗ ਤਕ ਪਹੁੰਚਦਾ ਸੀ, ਜਿਸ ਕਰਕੇ ਆਦਮ ਦੀਆਂ ਔਲਾਦਾਂ ਦੁਆਰਾ ਸਵਰਗ ਉੱਤੇ ਕਬਜ਼ਾ ਕਰਨ ਦੇ ਡਰੋਂ ਈਸ਼ਵਰ ਉਹਨਾਂ ਦੀ ਏਕਤਾ ਤੋੜਨਾ ਚਾਹੁੰਦਾ ਸੀ ਅਤੇ ਇਸੇ ਮਕਸਦ ਨਾਲ ਉਹਨੇ ਇਹਨਾਂ ਨੂੰ ਇੱਕ-ਭਾਸ਼ੀ ਤੋਂ ਬਹੁ-ਭਾਸ਼ੀ ਬਣਾ ਕੇ ਪੂਰੀ ਦੁਨੀਆਂ ਦੇ ਵੱਖੋ-ਵੱਖਰੇ ਰਾਸ਼ਟਰਾਂ ਵਿਚ ਖਿੰਡਾ ਦਿੱਤਾ। ਇਹਨਾਂ ਰਾਸ਼ਟਰਾਂ ਦੀ ਗਿਣਤੀ 72 ਸੀ ਅਤੇ ਹੁਣ ਭਾਸ਼ਾਵਾਂ ਵੀ 72 ਹੋ ਗਈਆਂ,[28] ਇਹ ਸਾਰੇ ਸੈਮ, ਹੈਮ, ਅਤੇ ਜੈਫਟ ਦੀਆਂ ਔਲਾਦਾਂ ਦੇ ਵੰਸ਼ਜ ਸਨ। ਇਹਨਾਂ ਵਿਚੋਂ ਜੇ ਹਿੰਦ-ਯੂਰਪੀ ਭਾਸ਼ਾਵਾਂ ਦੀ ਗੱਲ ਕਰੀਏ ਤਾਂ ਬਾਇਬਲ ਦੇ ਨੌਹ ਅਤੇ ਉਸਦੀਆਂ ਤਿੰਨ ਔਲਾਦਾਂ ਸੈਮ, ਹੈਮ ਅਤੇ ਜੈਫਟ ਵਾਲੇ ਪ੍ਰਵਚਨ ਵਿਚੋਂ, ਹਿੰਦ-ਯੂਰਪੀ ਭਾਸ਼ਾਵਾਂ ਨੂੰ ਪਹਿਲਾਂ 'ਜੈਫ' ਦੇ ਨਾਮ 'ਤੇ ਜੈਫਿਟਿਕ ਭਾਸ਼ਾ-ਪਰਿਵਾਰ ਕਿਹਾ ਗਿਆ। ਜਦਕਿ ਸੈਮ ਤੋਂ ਸੈਮੇਟਿਕ ਭਾਸ਼ਾ-ਪਰਿਵਾਰ ਅਤੇ ਹੈਮ ਤੋਂ ਹੈਮਿਟਿਕ ਭਾਸ਼ਾ ਪਰਿਵਾਰ ਦਾ ਨਾਮ ਰੱਖਿਆ ਗਿਆ। ਇਹਨਾਂ ਭਾਸ਼ਾਵਾਂ ਦੇ ਬੁਲਾਰੇ ਨੌਹ ਦੇ ਇਹਨਾਂ ਤਿੰਨ ਪੁੱਤਰਾਂ ਦੇ ਵੰਸ਼ਜ ਮੰਨੇ ਜਾਂਦੇ ਹਨ।[29] 'ਆਰੀਆ' ਸ਼ਬਦ ਨੂੰ ਨਸਲ ਵਜੋਂ ਮਾਨਤਾ ਦੇਣ ਵਾਲਾ ਮੈਕਸ ਮੂਲਰ ਜੈਫੇਟਿਕ, ਕਾਕੇਸ਼ਿਆਈ ਅਤੇ ਆਰੀਆ ਨੂੰ ਬਰਾਬਰ ਰੱਖਦਾ ਹੈ; ਜੈਫੇਟਿਕ = ਕਾਕੇਸ਼ਿਆਈ = ਆਰੀਆ[30]। ਜੈਫਿਟਿਕ ਸ਼ਬਦ ਹਿੰਦ-ਯੂਰਪੀ ਭਾਸ਼ਾ-ਪਰਿਵਾਰ ਲਈ ਬਹੁਤਾ ਪ੍ਰਚਲਿਤ ਨਹੀਂ ਹੋ ਪਾਇਆ, ਫਿਰ ਇਹਨੂੰ 'ਇੰਡੋ-ਜਰਮੈਨਿਕ' ਆਖਿਆ ਜਾਣ ਲੱਗਾ; ਇਹਦੇ 'ਤੇ ਵੀ ਇਤਰਾਜ ਉੱਠੇ ਤੇ ਫਿਰ ਇਹਨੂੰ 'ਹਿੰਦ-ਯੂਰਪੀ' ਭਾਸ਼ਾ-ਪਰਿਵਾਰ ਦਾ ਨਾਮ ਦਿੱਤਾ ਗਿਆ। ਫਰੈਡਰਿਕ ਮੈਕਸ ਮੂਲਰ (Friedrich Max Muller) 'ਆਰੀਆ ਭਾਸ਼ਾ-ਪਰਿਵਾਰ' ਨੂੰ 'ਹਿੰਦ-ਯੂਰਪੀ ਭਾਸ਼ਾ-ਪਰਿਵਾਰ' ਤੋਂ ਪਹਿਲ ਦਿੰਦਾ ਹੈ, ਉਸ ਅਨੁਸਾਰ ਹਿੰਦ-ਯੂਰਪੀ, - 'ਭਾਰਤ ਤੋਂ ਯੂਰਪ ਤੱਕ' - ਭੂਗੋਲਿਕ ਸਥਿਤੀ ਕਰਕੇ ਹੋਇਆ ਨਾਮਕਰਨ ਹੈ; ਪਰ ਆਰੀਆ, ਇਤਿਹਾਸਕ ਸਮਰਿਤੀਆਂ 'ਚੋਂ ਉਤਪੰਨ ਹੋਇਆ ਹੈ, ਉਸ ਅਨੁਸਾਰ "ਆਰੀਆ ਉਹ ਸਭ ਤੋਂ ਪੁਰਾਤਨ ਨਾਮਕਰਨ ਹੈ ਜਿਸ ਨਾਲ ਇਸ ਪਰਿਵਾਰ ਦੇ ਪੂਰਵਜ ਖੁਦ ਨੂੰ ਬੁਲਾਉਂਦੇ ਸਨ।[31] ਥਾਮਸ ਯੰਗ (Young, Thomas) ਪਹਿਲਾ ਸੀ ਜਿਹਨੇ 1813 ਵਿਚ 'ਇੰਡੋ-ਯੂਰਪੀ' ਮਦ ਦਾ ਆਪਣੀ ਇਕ ਅੰਗਰੇਜੀ ਲਿਖਤ ਵਿਚ ਪ੍ਰਯੋਗ ਕੀਤਾ, ਉਹਨੇ ਜੁਹਾਨਨ ਕ੍ਰਿਸਟੋਫਰ ਅਦਲੰਗ (Johann Christoph Adlung) ਦੀ ਕਿਤਾਬ 'Mithridates, oder, Allgemeine Sprachenkunde' ਦੇ ਰੀਵੀਊ ਦੌਰਾਨ, 'des langues indo-germaniques' ਨੂੰ ਅੰਗਰੇਜ਼ੀ ਵਿਚ ਬਦਲਕੇ 'ਇੰਡੋ-ਯੂਰੋਪੀਅਨ ਕਰ ਦਿੱਤਾ। ਇਹ ਇਸ ਘਾੜ੍ਹਤ ਲਈ ਜਰਮਨਾਂ ਦੇ ਯੋਗਦਾਨ ਨੂੰ ਧੁੰਦਲਾ ਕਰਕੇ ਸਾਰਾ ਸਿਹਰਾ ਸਿਰਫ ਬਰਤਾਨਵੀ ਭਾਸ਼ਾ-ਵਿਗਿਆਨ ਸਿਰ ਬੰਨਣ ਦਾ ਯਤਨ ਹੈ।[32] ਇਹ ਸਪੱਸ਼ਟ ਹੈ ਕਿ ਕਿ ਤੁਲਨਾਤਮਕ ਭਾਸ਼ਾ ਵਿਗਿਆਨ ਜੋਨਸ ਤੋਂ ਪਹਿਲਾਂ ਤੋਂ ਵਜੂਦ ਵਿਚ ਹੈ, ਉਹਨੇ ਹਿੰਦ-ਯੂਰਪੀ ਜਾਂ ਇੰਡੋ-ਯੂਰਪੀ ਭਾਸ਼ਾ ਪਰਿਵਾਰ ਦਾ ਨਾਮਕਰਨ ਨਹੀਂ ਕੀਤਾ। ਇਹ ਨਾਮਕਰਨ ਉਹਦੇ ਮਸ਼ਹੂਰ ਭਾਸਣ ਤੋਂ ਕਈ ਸਾਲ ਬਾਅਦ ਹੋਇਆ। ਉਹਦੇ ਵੱਲੋਂ ਸੰਸਕ੍ਰਿਤ, ਲਤੀਨੀ, ਗ੍ਰੀਕ, ਗੌਥਿਕ, ਕੈਲਟਿਕ ਅਤੇ ਪੁਰਾਣੀ ਫਾਰਸੀ ਨੂੰ ਇਕ ਸਮੂਹ ਵਿਚ ਰੱਖ ਕੇ, ਇੱਕੋ ਗਵਾਚੀ ਹੋਈ ਭਾਸ਼ਾ ਦੀਆਂ ਸੰਤਾਨਾਂ ਹੋਣ ਦਾ ਸੰਕਲਪ ਪੇਸ਼ ਕੀਤਾ ਗਿਆ। ਵਿਸਤਰਿਤ ਤਰੀਕੇ ਨਾਲ ਪਹਿਲੀ ਵਾਰ ਭਾਸ਼ਾ-ਪਰਿਵਾਰ-ਬਿਰਖ ਦਾ ਸੰਕਲਪ ਔਗਸਟ ਸਲੀਖਰ (August Schleicher) ਨੇ 1853 ਵਿਚ ਲਿਖੇ ਦੋ ਲੇਖਾਂ ਅਤੇ 1863 ਵਿਚ ਲਿਖੇ ਇਕ ਲੇਖ ਵਿਚ ਪੇਸ਼ ਕੀਤਾ। 1853 ਵਾਲੇ ਲੇਖਾਂ ਵਿਚੋਂ ਪਹਿਲਾ ਚੈੱਕ (Czech) ਵਿਚ ਲਿਖਿਆ 0 jazyku litevskçm, zvlöat ohledem na slovansky[33] (ਲਿਥੂਥੀਨਅਨ ਭਾਸ਼ਾ ਬਾਰੇ, ਸਲਾਵਿਕ ਭਾਸ਼ਾ ਦੇ ਵਿਸ਼ੇਸ਼ ਸੰਦਰਭ ਵਿੱਚ) ਅਤੇ ਦੂਜਾ ਲੇਖ ਜਰਮਨ (Deutsch) ਵਿਚ ਲਿਖਿਆ Die ersten Spaltungen des indogermanischen Urvolkes[34] (ਹਿੰਦ-ਯੂਰਪੀ ਦੀ ਪਹਿਲੀ ਵੰਡ ਅਤੇ ਮੁੱਢਲੇ ਲੋਕ) ਸੀ, ਇਹ ਦੋਵੇਂ ਬਿਰਖ ਅੱਗੇ ਦਿੱਤੇ ਅਨੁਸਾਰ ਹਨ :




ਚਿੱਤਰ - 6

1863 ਵਿਚ ਲਿਖੇ ਲੇਖ ਦਾ ਨਾਮ Die Darwinsche Theorie Und Die Sprachwissenschaft (ਡਾਰਵਿਨ ਦਾ ਸਿਧਾਂਤ ਅਤੇ ਭਾਸ਼ਾ-ਵਿਗਿਆਨ) ਹੈ।[35] ਇਹਨਾਂ ਲੇਖਾਂ ਵਿਚ ਦਿੱਤੇ ਗਏ ਬਿਰਖਾਂ ਵਿਚ ਇਕ ਖ਼ਾਸ ਗੱਲ ਇਹ ਹੈ ਕਿ ਇਹਨਾਂ ਸਾਰਿਆਂ ਵਿਚ ਪਹਿਲੀ ਭਾਸ਼ਾ (ਪਰੋਟੋ) ਨੂੰ ਇੰਡੋ-ਯੂਰਪੀਅਨ ਦੀ ਥਾਂ 'ਇੰਡੋ-ਜਰਮੈਨਿਕ' ਲਿਖਿਆ ਹੈ, ਜਿਵੇਂ ਕਿ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਇਸ ਭਾਸ਼ਾ-ਪਰਿਵਾਰ ਨੂੰ ਪਹਿਲਾਂ ਇਸੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹਨਾਂ ਤਿੰਨਾਂ ਬਿਰਖਾਂ ਵਿਚ ਅੱਗੇ ਫੁੱਟਦੀਆਂ ਸ਼ਾਖਾਵਾਂ ਵਿਚ ਅੰਤਰ ਹੈ; 1853a ਬਿਰਖ ਤਾਂ ਸਲਾਵਿਕ ਭਾਸ਼ਾਵਾਂ ਨਾਲ ਸਬੰਧਿਤ ਹੈ ਪਰ 1853b ਅਤੇ 1863 ਵਾਲਾ ਬਿਰਖ ਦੋਵਾਂ ਵਿਚ ਅੰਤਰ ਹੈ। ਜਿੱਥੇ ਪਹਿਲੇ ਵਿਚ ਸਵਲੈਕੋ-ਜਰਮੈਨਿਕ, ਕੈਲਟਿਕ ਭਾਸ਼ਾਵਾਂ ਅਤੇ ਆਰੀਓਪਲਾਸਗਰ; {(Arioplasger=Arier+Plasger; Plasger=Lateiner+Greceheu)= ਆਰੀਆ+ਲਤੀਨੀ+ਗਰੀਕ} ਭਾਸ਼ਾਵਾਂ ਦੀਆਂ ਤਿੰਨ ਸ਼ਾਖਾਵਾਂ ਦਿੱਤੀਆਂ ਹਨ, ਉਥੇ ਹੀ ਦੂਜੇ ਵਿਚ; ਜਿਸ ਵਿਚ ਕਿ ਪਹਿਲੇ ਕਿਸੇ ਵੀ ਚਿੱਤਰ ਨਾਲੋਂ ਵੱਧ ਵਿਸਥਾਰ ਹੈ, ਉਸ ਵਿਚ ਇੰਡੋ-ਜਰਮੈਨਿਕ ਤੋਂ ਸਿਰਫ ਦੋ ਸ਼ਾਖਾਵਾਂ ਦੀ ਹੀ ਵੰਡ ਕੀਤੀ ਹੈ, ਕਿਉਂਕਿ ਇਸ ਵਿਚ ਕੈਲਟਿਕ ਭਾਸ਼ਾਵਾਂ ਨੂੰ, ਆਰੀਆ, ਲਤੀਨੀ, ਯੂਨਾਨੀ ਵਾਲੀ ਸ਼ਾਖ ਨਾਲ ਹੀ ਜੋੜਿਆ ਗਿਆ ਹੈ।




ਚਿੱਤਰ - 7

ਇਸ ਤਰ੍ਹਾਂ ਇਹ ਮੁੱਢਲੇ ਭਾਸ਼ਾਈ ਬਿਰਖ ਅੱਗੇ ਚੱਲ ਕੇ ਅਜੋਕੇ ਭਾਸ਼ਾਈ ਬਿਰਖਾਂ ਲਈ ਮਾਡਲ ਬਣੇ ਅਤੇ ਇਸ ਲੀਹ ਉੱਤੇ ਭਾਸ਼ਾਵਾਂ ਦਾ ਪਰਿਵਾਰਕ-ਵਰਗੀਕਰਨ ਕੀਤਾ ਜਾਂਦਾ ਰਿਹਾ ਹੈ।

## ਵਿਚਾਰਧਾਈ ਪਰਿਪੇਖ

ਭਾਸ਼ਾ ਪਰਿਵਾਰਾਂ ਦੀ ਸਥਾਪਤੀ ਰਾਹੀਂ ਹੁਣ ਤਕ ਬੋਲੀਆਂ ਜਾਂਦੀਆਂ ਭਾਸ਼ਾਵਾਂ ਦੀ ਬੁਨਿਆਦ ਇਕੋ-ਇਕ ਆਦਿ-ਭਾਸ਼ਾ ਤਕ ਲੈ ਜਾਈ ਜਾਂਦੀ ਹੈ। ਜਿਵੇਂ ਕਿ ਪਹਿਲਾਂ ਦੱਸਿਆ ਹੈ ਕਿ ਵਿਲਿਅਮ ਜੋਨਸ ਨੇ ਇਸ ਭਾਸ਼ਾ-


www.sanvad.org
ISSN : 2395-1273

ਪਰਿਵਾਰ ਨੂੰ ਕੋਈ ਨਾਮ ਨਹੀਂ ਸੀ ਦਿੱਤਾ। ਉਹ 1783 ਵਿਚ ਭਾਰਤ ਆਇਆ, 1784 ਵਿਚ ਉਹਨੇ 'ਰਾਇਲ ਏਸ਼ੀਆਟਿਕ ਸੋਸਾਇਟੀ' ਦੀ ਸਥਾਪਨਾ ਕੀਤੀ ਅਤੇ 1786 ਵਿਚ ਉਹ ਭਾਸ਼ਣ ਦਿੱਤਾ ਜਿਹੜਾ ਤੁਲਨਾਤਮਕ ਭਾਸ਼ਾ-ਵਿਗਿਆਨ ਦੀ ਸ਼ੁਰੂਆਤ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਪਰ ਉਹਦੇ ਇਸ ਭਾਸ਼ਣ ਤੋਂ ਪੂਰੇ ਸੌ ਸਾਲ ਪਹਿਲਾਂ ਵੀ ਉਹਦੇ ਭਾਸ਼ਣ ਨਾਲ ਮਿਲਦਾ-ਜੁਲਦਾ ਐਂਡਰਿਯਸ ਯੇਗਰ (Andreas Jùger) ਦਾ ਇਕ ਵਿਚਾਰ ਮਿਲਦਾ ਹੈ, ਇਸ ਬਾਰੇ ਵਿਸਤਾਰ ਨਾਲ ਜਿਓਰਜ ਮੈਤਕਾਫ (George Metcalf) ਦਾ ਲੇਖ 'ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ ਵਿਚ 'ਹਿੰਦ-ਯੂਰਪੀ ਪਰਿਕਲਪਨਾ'[36] ਦੇਖਿਆ ਜਾ ਸਕਦਾ ਹੈ।

ਇਥੇ ਇਹ ਧਿਆਨ ਵਿਚ ਰੱਖਣ ਯੋਗ ਤੱਥ ਹੈ ਕਿ ਸਿੰਧ ਘਾਟੀ ਦੀ ਖੁਦਾਈ ਵਿਲੀਅਮ ਜੋਨਸ ਅਤੇ ਮੈਕਸ ਮੂਲਰ ਤੋਂ ਬਹੁਤ ਬਾਅਦ ਵਿਚ ਹੋਈ। ਪਰ ਫਿਰ ਵੀ ਮੈਕਸ ਮੂਲਰ ਨੇ ਇਹਨਾਂ ਭਾਸ਼ਾਵਾਂ ਨੂੰ ਆਰੀਆ ਭਾਸ਼ਾਵਾਂ ਕਿਹਾ। ਯੂਰਪੀ ਖੋਜੀਆਂ ਵਿਚ ਇਹ ਇਕ ਟਕਰਾਅ ਵਾਲਾ ਤੱਥ ਸੀ। ਭਾਵੇਂ ਦੋਵੇਂ ਧਿਰਾਂ ਦੀ ਪਹੁੰਚ ਸੰਤਾਨ-ਮੱਤ ਵਾਲੀ ਸੀ, ਪਰ ਫਿਰ ਵੀ ਇਹ ਇਕ-ਦੂਜੇ ਦੇ ਪੂਰੀ ਤਰ੍ਹਾਂ ਉਲਟ ਸਨ। ਪਹਿਲੇ ਅਨੁਸਾਰ ਤਾਂ ਇਹਨਾਂ ਭਾਸ਼ਾਵਾਂ ਦਾ ਸਰੋਤ ਭਾਰਤੀ ਉਪ-ਮਹਾਂਦੀਪ ਵਿਚ ਸੀ, ਪਰ ਦੂਜਾ ਇਹਦਾ ਸਰੋਤ ਯੂਰਪ ਵਿਚ ਮੰਨਦਾ ਸੀ। ਇਹਨਾਂ ਵਿਚੋਂ ਜੋਹਨ ਕਰਾਓਫਰਡ (John Crawfurd) ਦਾ ਜ਼ਿਕਰ ਜ਼ਰੂਰੀ ਹੈ। ਉਹ ਮੈਕਸ ਮੂਲਰ ਦਾ ਸਮਕਾਲੀ ਪਰ ਸਖਤ ਆਲੋਚਕ ਹੈ। ਉਸ ਅਨੁਸਾਰ ਸੰਸਕ੍ਰਿਤ ਭਾਸ਼ਾ ਦਾ ਇਹ ਅਜੀਬ ਇਤਿਹਾਸ, ਚੋਖੇ ਪ੍ਰਾਚੀਨ ਲਿਖਤੀ ਦਸਤਾਵੇਜਾਂ ਦੇ ਬਾਵਜੂਦ ਕੁੱਝ ਨਹੀਂ ਦੱਸਦਾ। 'ਸੰਸਕ੍ਰਿਤ; ਸ਼ਬਦ ਹੀ ਆਪਣੇ-ਆਪ ਵਿਚ ਇਕ ਕਾਲਪਨਿਕ ਸ਼ਬਦ ਹੈ, ਜਿੱਥੇ ਬਾਕੀ ਸਾਰੀਆਂ ਭਾਸ਼ਾਵਾਂ ਦੇ ਨਾਮ ਭਾਵੇਂ ਉਹ ਓਰੀਐਂਟਲ ਕੌਮਾਂ ਦੀਆਂ ਹੋਣ ਭਾਵੇਂ ਯੂਰਪੀ, ਭਾਵੇਂ ਪੁਰਾਤਨ ਹੋਣ ਭਾਵੇਂ ਨਵੀਨ, ਉਹਨਾਂ ਨੂੰ ਬੋਲਣ ਵਾਲਿਆਂ ਦੇ ਨਾਮ ਤੋਂ ਘੜੇ ਗਏ ਹਨ, ਜਾਂ ਉਸ ਦੇਸ਼ ਤੋਂ ਦੇ ਨਾਮ ਤੋਂ ਜਿੱਥੇ ਉਹ ਬੋਲੀਆਂ ਜਾਂਦੀਆਂ ਹਨ, ਉੱਥੇ ਹੀ ਇਹ (ਸੰਸਕ੍ਰਿਤ) ਦਾ ਮਤਲਬ ਸਪੱਸ਼ਟ ਤੌਰ 'ਤੇ "ਸ਼ਿੰਗਾਰੀ, ਸੰਪੂਰਤ, ਸੰਪੰਨ" ਆਦਿ ਹੈ। ਇਹ ਵਿਆਖਿਆ ਸਪੱਸ਼ਟ ਦੱਸਦੀ ਹੈ ਕਿ ਇਹ ਸ਼ਬਦ ਵਿਆਕਰਣਕਾਰਾਂ ਦੀ ਮੁਕਾਬਲਤਨ ਬਾਅਦ ਦੀ ਘਾੜ੍ਹਤ ਹੈ। ਇਹਦੀਆਂ ਲਿਖਤਾਂ ਵਿੱਚ, ਉਹਨਾਂ ਲੋਕਾਂ ਦੀ ਮਾਤ-ਭੂਮੀ ਦਾ ਕੋਈ ਸੰਦਰਭ ਨਹੀਂ, ਜਿਹਨਾਂ ਦੀ ਇਹ ਬੋਲੀ ਰਹੀ ਹੋਵੇਗੀ।[37] ਇਸ ਪਰਚੇ ਵਿਚ ਕਰਾਓਫਰਡ ਨੇ ਮੈਕਸ ਮੂਲਰ, ਬਾਪ ਅਤੇ ਹੋਰਨਾਂ ਓਰੀਐਂਟਲਿਸਟਾਂ ਵੱਲੋਂ ਕੀਤੇ ਗਏ ਸੰਸਕ੍ਰਿਤ ਸੱਤਾ ਦੇ ਦਾਅਵੇ ਦਾ ਖੰਡਨ ਕੀਤਾ। ਉਹਨੇ ਇਕ ਮਹਾਂ-ਭਾਸ਼ਾ ਪਰਿਵਾਰ ਅਤੇ ਭਾਸ਼ਾਵਾਂ ਦੇ ਤੁਲਨਾਤਮਕ ਅਧਿਐਨ ਲਈ ਵਿਆਪਕ ਨੇਮ ਥੋਪਣ ਦੀ ਵੀ ਅਲੋਚਨਾ ਕੀਤੀ। ਪਰ ਇਸ ਪਰਚੇ ਦਾ ਸਾਰ-ਤੱਤ ਇਹੀ ਸੀ ਕਿ ਭਾਰੋਪੀ ਭਾਸ਼ਾਵਾਂ ਗੈਰ-ਭਾਰਤੀ ਸਰੋਤ ਵਿਚੋਂ ਹੀ ਉਤਪੰਨ ਹੋਈਆਂ ਸਨ। ਇਹ ਵਿਚਾਰ ਸੰਤਾਨ ਮੱਤ ਅਤੇ ਭਾਸ਼ਾ-ਪਰਿਵਾਰ ਦੀ ਧਾਰਨਾ ਦਾ ਕੋਈ ਵਿਰੋਧ ਨਹੀਂ ਕਰਦਾ ਜਿੱਥੋਂ ਕਿ ਇਹ ਸਪੱਸ਼ਟ ਹੁੰਦਾ ਹੈ ਇਹ ਟਕਰਾਅ ਇੱਕੋ ਧਾਰਨਾ ਦੀਆਂ ਅੰਦਰੂਨੀ ਵਿਰੋਧਤਾਈਆਂ ਦਾ ਹੈ।

ਬਸਤੀਵਾਦੀ ਨਿਜ਼ਾਮ ਦੇ ਸ਼ੁਰੂਆਤੀ ਪੜ੍ਹਾਅ ਉੱਤੇ ਯੂਰਪ ਵਿਚ ਭਾਰਤ ਨੂੰ ਪ੍ਰਾਚੀਨ ਸਭਿਆਚਾਰ ਦੀ ਇਕ ਸ਼ਾਨਾਮੱਤੀ ਤਸਵੀਰ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਸੀ ਅਤੇ ਇਹ ਪ੍ਰਚਾਰਿਆ ਜਾਂਦਾ ਸੀ ਕਿ ਯੂਰਪ ਇਸ ਸ਼ਾਨਾਮੱਤੇ ਸਭਿਆਚਾਰ ਤੋਂ ਟੁੱਟ ਗਿਆ ਹੈ। ਪਰ ਇਸ ਪਹੁੰਚ ਨੂੰ ਅਲੋਚਨਾ ਦਾ ਸਾਹਮਣਾ ਕਰਨਾ ਪਿਆ ਅਤੇ ਭਾਰਤੀ-ਯੂਰਪੀ ਇਕ ਨਸਲੀ ਧਾਰਨਾ ਖੁਰ ਗਈ ਅਤੇ ਭਾਰਤੀਆਂ ਉੱਤੇ ਯੂਰਪੀ ਗਲਬਾ (ਸਮੇਤ ਬੌਧਿਕ) ਕੱਸਿਆ ਗਿਆ।

ਜਿਸ ਤਰ੍ਹਾਂ ਪਰਿਵਾਰ ਬਿਰਖ ਜੋਨਸ ਤੋਂ ਪਹਿਲਾਂ ਹੀ ਬਣਨੇ ਸ਼ੁਰੂ ਹੋ ਗਏ ਸਨ, ਉਵੇਂ ਹੀ ਭਾਸ਼ਾਵਾਂ ਦਾ ਤੁਲਨਾਤਮਕ ਅਧਿਐਨ ਵੀ ਉਸ ਤੋਂ ਕਿਤੇ ਪਹਿਲਾਂ ਸ਼ੁਰੂ ਹੋ ਗਿਆ ਸੀ, ਜਿਵੇਂ ਕਿ ਮੋਰਾਕੋ ਦੇ ਸ਼ਹਿਰ ਫੈੱਜ (fez) ਦਾ ਰਹਿਣ ਵਾਲਾ ਯੇਹੂਦਾ ਇਬਨ ਕੁਰੇਸ਼ (Yehuda Ibn Quraysh) ਪਹਿਲਾ ਸੀ, ਜਿਹਨੇ ਹੀਬਰੂ, ਆਰਮੇਈ[38] ਅਤੇ ਅਰਬੀ ਦੀਆਂ ਧੁਨੀਆਂ ਅਤੇ ਸ਼ਬਦਾਂ ਦਾ ਟਾਕਰਾ 10ਵੀਂ ਸਦੀ ਵਿਚ ਆਪਣੀ ਕਿਤਾਬ 'ਰਿਸਲਾ' (Risala) ਵਿਚ ਕੀਤਾ ਸੀ। ਇਤਾਲਵੀ ਵਪਾਰੀ ਫੀਲੀਪੋ ਸਾਸੇਤੀ (Filippo Sassetti, 16ਵੀਂ ਸਦੀ) ਨੇ ਸੰਸਕ੍ਰਿਤ ਅਤੇ ਕੁੱਝ ਯੂਰਪੀ ਭਾਸ਼ਾਵਾਂ ਵਿਚਕਾਰ ਸਬੰਧ ਦੀ ਸੂਚਨਾ ਦਿੱਤੀ।[39] ਰੋਬੇਰਤੋ-ਦ-ਨੋਬੀਲੀ (Roberto de Nobili) ਵੀ ਇਕ ਇਤਾਲਵੀ ਵਪਾਰੀ ਅਤੇ ਮਿਸ਼ਨਿਰੀ ਸੀ, ਜਿਹੜਾ 1606 ਈ. ਵਿਚ ਭਾਰਤ ਆਇਆ ਅਤੇ ਉਹਨੇ ਤੇਲੁਗੂ, ਤਾਮਿਲ ਤੇ ਸੰਸਕ੍ਰਿਤ ਸਿੱਖੀ ਅਤੇ ਇਹਨਾਂ ਦੇ ਯੂਰਪੀ ਭਾਸ਼ਾਵਾਂ ਨਾਲ ਟਾਕਰੇ ਦਾ ਕੁੱਝ ਕੰਮ ਕੀਤਾ। ਪੇਰੇ ਕੋਏਰਡਾੱਕਸ (Pere Coeurdoux, 1691-1779) ਜੋ ਕਿ ਪੌਂਡੀਚੇਰੀ ਵਿਚ ਇਕ ਪਾਦਰੀ ਸੀ। ਉਹਨੇ 1766 (ਜੋਨਸ ਦੇ ਭਾਸ਼ਣ ਤੋਂ 20 ਸਾਲ ਪਹਿਲਾਂ) ਪੈਰਿਸ ਵੱਲ ਇਕ ਖਤ ਲਿਖਿਆ, ਜਿਸ ਵਿਚ ਉਹਨੇ ਸੰਸਕ੍ਰਿਤ, ਲਤੀਨੀ ਅਤੇ ਗਰੀਕ ਵਿਚ ਸਜਾਤੀ ਸ਼ਬਦਾਂ ਦਾ ਜ਼ਿਕਰ ਕੀਤਾ। ਉਸ ਅਨੁਸਾਰ ਇਹਦਾ ਸਿਵਾਇ ਇਹਨਾਂ ਭਾਸ਼ਾਵਾਂ ਦੇ ਇਕ ਸਰੋਤ ('une commune origin') ਤੋਂ ਪੈਦਾ ਹੋਣ ਦੇ ਹੋਰ ਕੋਈ ਕਾਰਨ ਨਹੀਂ ਹੋ

ਸਕਦਾ। ਜੌਨ ਗੋਡਫਰੇਅ (John Godfrey) ਅਨੁਸਾਰ ਅਜਿਹੀਆਂ ਧਾਰਨਾਵਾਂ ਦੇਣ ਦਾ ਕੋਏਰਡਾੱਕਸ ਦਾ ਮਕਸਦ 'ਬੁੱਕ ਆਫ ਜੈਨਿਸਿਸ' ਨਾਲ ਸੁਮੇਲਤਾ ਬਰਕਰਾਰ ਰੱਖਣ ਦਾ ਸੀ। ਕੋਏਰਡਾੱਕਸ ਨੇ ਬੇਬਲ ਤੋਂ ਪਹਿਲਾਂ ਇਕ ਮੁੱਢਲੀ ਭਾਸ਼ਾ (language) ਹੋਣ ਦਾ ਦਾਅਵਾ ਕੀਤਾ, ਜਿਸ ਤੋਂ ਕਿ ਇਕ ਚਮਤਕਾਰ ਤੋਂ ਬਾਅਦ ਵੱਖ-ਵੱਖ ਪਰ ਸੰਬੰਧਿਤ ਭਾਸ਼ਾਵਾਂ (languages) ਬਣ ਗਈਆਂ; ਲਤੀਨੀ, ਗਰੀਕ, ਸੰਸਕ੍ਰਿਤ ਇਹਨਾਂ ਵਿਚੋਂ ਹੀ ਹਨ ਅਤੇ ਇਹ ਅੱਗੇ ਹੋਰ ਵਿਕਾਸ ਕਰਦੀਆਂ ਰਹੀਆਂ।[40] ਇਸ ਤਰ੍ਹਾਂ ਅਸੀਂ ਭਾਸ਼ਾ-ਪਰਿਵਾਰਾਂ ਦੀ ਉਤਪਤੀ ਦੇ ਮਤਾਂ ਨੂੰ ਸਪੱਸ਼ਟ ਤੌਰ 'ਤੇ 'ਬੇਬਲ ਦੀ ਮਿਨਾਰ' ਦੀ ਕਹਾਣੀ ਨਾਲ ਸੰਬੰਧਿਤ ਵਿਖਿਆਨ ਦੇ ਰੂਪ ਵਿਚ ਦੇਖਦੇ ਹਾਂ। ਇਸੇ ਉੱਤੇ 'ਓਰੀਐਂਟਲਿਸਟਾਂ' ਦਾ ਭਾਸ਼ਾ-ਵਿਗਿਆਨ ਟਿਕਿਆ ਹੋਇਆ ਹੈ। ਭਗਵਾਨ ਸਿੰਘ ਦੱਸਦੇ ਹਨ ਕਿ ਇਹ ਜਾਨਣਾ ਮੁਸ਼ਕਿਲ ਹੈ ਪਰ ਨਾਮੁਮਕਿਨ ਨਹੀਂ ਕਿ ਅਜਿਹਾ ਕਰਦੇ ਹੋਏ ਉਹ ਕਿਸ ਪੱਧਰ ਤਕ ਬੇਬਲ ਦੇ ਮਿਨਾਰ ਅਤੇ ਹਵਾ ਤੇ ਆਦਮ ਦੀ ਕਹਾਣੀ ਤੋਂ ਪਰੇਰਿਤ ਹਨ।[41] ਨਾਥਾਨੀਲ ਬਰਾਸੇ ਹਾਲਹੈਡ (Nathaniel Brassey Halhed) ਵੀ ਵਿਲਿਅਮ ਜੋਨਸ ਤੋਂ ਪਹਿਲਾਂ ਸੀ, ਜਿਹਨੇ ਬੰਗਾਲੀ ਦਾ ਵਿਆਕਰਨ ਲਿਖਿਆ ਅਤੇ ਸੰਸਕ੍ਰਿਤ, ਫਾਰਸੀ ਅਤੇ ਅਰਬੀ ਸ਼ਬਦਾਂ ਦਾ ਟਾਕਰਾ ਪੇਸ਼ ਕੀਤਾ। ਉਹਦਾ ਮੰਨਣਾ ਸੀ ਕਿ ਇਹ ਸਮਾਨਤਾਵਾਂ ਸ੍ਰਿਸ਼ਟੀ ਰਚਨਾ ਤੋਂ ਬਿਲਕੁਲ ਬਾਅਦ ਦੀਆਂ ਮੰਨੀਆਂ ਜਾ ਸਕਦੀਆਂ ਹਨ।[42]

ਸੋ ਹੁਣ ਤਕ ਅਸੀਂ ਇਹ ਰਾਇ ਬਣਾ ਸਕਦੇ ਹਾਂ ਕਿ—

1. ਭਾਸ਼ਾਵਾਂ ਦੇ ਤੁਲਨਾਤਮਕ ਅਧਿਐਨ ਵਿਲਿਅਮ ਜੋਨਸ ਤੋਂ ਪਹਿਲਾਂ ਦੇ ਹੁੰਦੇ ਆ ਰਹੇ ਹਨ।
2. ਇਹ ਵਿਖਿਆਨ ਭਾਰਤੀ ਭਾਸ਼ਾਵਾਂ ਨੂੰ ਬੇਬਲ ਦੇ ਮਿਨਾਰ ਨਾਲ ਸੰਬੰਧਿਤ ਕਰ ਕੇ ਦੇਖਣ ਦੇ ਰੁਝਾਨ ਅਧੀਨ ਆਉਂਦੇ ਹਨ।
3. ਦਰਅਸਲ, ਇਹ ਸਿਰਫ ਵਿਖਿਆਨ ਨਹੀਂ ਸਗੋਂ ਇਕ ਵੱਡੇ ਮੱਤ-ਪ੍ਰਚਾਰ ਦਾ ਮਹੱਤਵਪੂਰਨ ਭਾਗ ਹਨ, ਜਿਹਦਾ ਮਕਸਦ ਇਤਿਹਾਸਕ ਵਿਖਿਆਨ ਨੂੰ ਪੂਰਵ-ਮੰਤਕ ਮਿਥਿਹਾਸਕ ਧਾਰਨਾਵਾਂ ਨਾਲ ਵਿਗਾੜ ਕੇ ਬਸਤੀਵਾਦੀ ਜੜ੍ਹਾਂ ਮਜਬੂਤ ਕਰਨੀਆਂ ਹਨ, ਜਿਹਦਾ ਕਿ ਇਕ ਚਿਹਰਾ ਅਜੋਕੇ ਸਮੇਂ ਵਿਚ ਵੀ ਦੇਖਣ ਨੂੰ ਮਿਲਦਾ ਹੈ।

ਥਿਓਦਰ ਗੋਲਡਸਟੱਕਰ (Theodor Goldstucker) ਜੋ ਕਿ ਮੈਕਸ ਮੂਲਰ ਦਾ ਇਕ ਹੋਰ ਸਮਕਾਲੀ ਸੀ, ਨੇ ਓਰੀਐਂਟਲਿਸਟਾਂ ਵੱਲੋਂ ਵੇਦਾਂ ਅਤੇ ਹੋਰ ਸਾਹਿਤ ਦਾ ਵਿਗੜਿਆ ਵਿਖਿਆਨ ਪੇਸ਼ ਕਰਨ ਦੇ ਯਤਨਾਂ ਦੀ ਨਿੰਦਾ ਕੀਤੀ ਹੈ। ਉਸ ਅਨੁਸਾਰ ਓਰੀਐਂਟਲਿਸਟਾਂ ਨੇ ਜਾਣ-ਬੁੱਝ ਕੇ ਭਾਰਤੀ ਸਾਹਿਤ ਦੀ ਗਲਤ ਵਿਆਖਿਆ ਕੀਤੀ ਹੈ, ਜਿਹੜਾ ਕਿ ਭਾਰਤ ਬਾਰੇ ਸੰਸਾਰ ਵਾਸਤੇ ਗਿਆਨ ਦਾ ਇੱਕੋ-ਇਕ ਸੋਮਾ ਹੈ।[43] ਉਹਨਾਂ ਦੀ ਗਲਤ ਵਿਆਖਿਆ ਭਾਰਤੀ ਇਤਿਹਾਸ ਲਈ ਇਕ ਵੱਡਾ ਰਿਸਦਾ ਜਖਮ ਬਣੀ ਹੋਈ ਹੈ। ਭਾਸ਼ਾਈ ਅਧਿਐਨ ਦੀ ਤੁਲਨਾਤਮਕ ਵਿਧੀ ਵਿਗਾੜ ਵਾਲੀ ਸੀ, ਕਿਉਂਕਿ ਇਸ ਤੱਥ ਨੂੰ ਬਹੁਤ ਘੱਟ ਗੌਲਿਆ ਗਿਆ ਕਿ ਵਿਭਿੰਨ ਭਾਸ਼ਾਵਾਂ ਵਿਚ ਸ਼ਬਦਾਂ ਦੀ ਸਮਾਨਤਾ ਹੋਣਾ ਉਹਨਾਂ ਦੀ ਆਪਸੀ ਸਹਿ-ਹੋਂਦ ਦਾ ਨਤੀਜਾ ਵੀ ਹੋ ਸਕਦਾ ਹੈ ਅਤੇ ਸਮਾਤਨਾਵਾਂ ਦਾ ਇੱਕੋ-ਇਕ ਕਾਰਨ ਭਾਸ਼ਾਵਾਂ ਬਾਰੇ ਸਿਰਫ ਸੰਤਾਨਵਾਦੀ ਸੰਕਲਪ ਮੰਨ ਲਿਆ ਗਿਆ, ਭਾਵ ਇਹ ਸਮਾਨਤਾ ਭਾਸ਼ਾਵਾਂ ਦੇ ਆਪਸ ਵਿਚ ਭੈਣ-ਭਾਸ਼ਾਵਾਂ, ਧੀ-ਭਾਸ਼ਾਵਾਂ ਜਾਂ ਮਾਂ-ਭਾਸ਼ਾ ਆਦਿ ਹੋਣ ਕਰਕੇ ਹੀ ਹੈ। ਉਹਨਾਂ ਆਪਣੇ ਮੱਤ-ਪ੍ਰਚਾਰ ਦੇ ਸਾਧਨ ਵਜੋਂ ਭਾਸ਼ਾਵਾਂ ਵਿਚਲੀਆਂ ਸਮਾਨਤਾਵਾਂ ਦਾ ਫਾਇਦਾ ਚੁੱਕਿਆ। ਸੋ ਇਸ ਵਿਗੜੀ ਹੋਈ ਬੁਨਿਆਦ ਦੇ ਨਤੀਜਤਨ ਸਾਡੀਆਂ ਭਾਸ਼ਾਵਾਂ ਦੇ ਇਤਿਹਾਸ ਬਾਰੇ ਸਮਝ ਅਤੇ ਵਿਆਪਕ ਤੌਰ 'ਤੇ ਮਨੁੱਖੀ ਇਤਿਹਾਸ ਬਾਰੇ ਸਮਝ ਵਿਚ ਵਿਗਾੜ ਪੈਦਾ ਕੀਤੇ ਗਏ ਹਨ। ਕਿਉਂਕਿ ਕਿਸੇ ਵਰਤਾਰੇ ਦੀ ਸ਼ੁਰੂਆਤ ਦੀ ਗਲਤ ਸਮਝ ਮਨੁੱਖੀ ਅਮਲ ਨੂੰ ਗਲਤ ਸਿੱਟੇ ਕੱਢਣ ਦੇ ਰਾਹ ਪਾ ਦਿੰਦੀ ਹੈ। ਸੋ ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਇਤਿਹਾਸਕ ਭਾਸ਼ਾ-ਵਿਗਿਆਨ ਦਾ ਪੂਰੇ ਦਾ ਪੂਰਾ ਅਨੁਸ਼ਾਸ਼ਨ ਹੀ ਅਟਕਲਪੱਚੂ ਅਤੇ ਪੂਰਵ-ਮੰਤਕ ਧਾਰਨਾਵਾਂ ਉੱਤੇ ਅਧਾਰਿਤ ਹੈ। ਇਹਦਾ ਤੁਲਨਾਤਮਕ ਵਿਸ਼ਲੇਸ਼ਣ 'ਇਕੱਲਤਾਵਾਦ' (singularity) ਉੱਤੇ ਟੇਕ ਰੱਖਦਾ ਹੈ। ਇੱਕੋ ਅਰਥ ਦੇ ਵਿਭਿੰਨ ਸ਼ਬਦਾਂ ਵਿੱਚੋਂ, ਵਿਦਵਾਨ ਅਕਸਰ ਇੱਕੋ ਮਨ-ਇੱਛਤ ਸੰਕਲਪਿਤ ਰੂਪ ਦਾ ਦੂਜੀਆਂ ਭਾਸ਼ਾਵਾਂ ਵਿਚ ਉਪਲੱਬਧ ਮਨ-ਇੱਛਤ ਰੂਪਾਂ ਨਾਲ ਟਾਕਰਾ ਕਰਦੇ ਹਨ। ਉਹਨਾਂ ਦੀ ਛਾਣ-ਬੀਣ ਸ਼ਬਦਾਂ ਤਕ ਸੀਮਤ ਰਹਿੰਦੀ ਹੈ, ਅਰਥ ਨੂੰ ਘੱਟੋ-ਘੱਟ ਮਹੱਤਵ ਦਿੱਤਾ ਜਾਂਦਾ ਹੈ। ਭਾਵੇਂ ਕਿ ਧੁਨੀ ਸਮਾਨਤਾ ਖੁਦ ਸੀਮਤ ਨਹੀਂ ਹੈ ਅਤੇ ਇਹ 'ਇੱਕ-ਭਾਸ਼ਾਈ' ਵਰਤਾਰਾ ਵੀ ਨਹੀਂ ਹੈ। ਸਮਾਨਤਾ ਅੰਤਰ-ਭਾਸ਼ਾਈ, ਅੰਤਰ ਭਾਸ਼ਾ-ਪਰਿਵਾਰਿਕ ਵਰਤਾਰਾ ਹੈ ਅਤੇ ਇਹ ਲੰਮੇਰੇ ਸਹਿ-ਹੋਂਦੀ ਸੰਪਰਕ ਦਾ ਨਤੀਜਾ ਹੈ। ਇਹ ਤੱਥ ਵੀ ਖਾਰਜ ਕੀਤਾ ਜਾਂਦਾ ਹੈ ਕਿ ਭਾਸ਼ਾਵਾਂ ਵਿਚਕਾਰ ਸਮਾਨਤਾਵਾਂ ਦੀ ਮਾਤਰਾ ਅਸਮਾਨਤਾਵਾਂ ਨਾਲੋਂ ਘੱਟ ਹੁੰਦੀ ਹੈ, ਜਿਹਦਾ ਕਾਰਨ ਭਾਸ਼ਾਵਾਂ ਦੇ ਇਕ ਨਾਲੋਂ ਵਧੇਰੇ


ISSN : 2395-1273

ਸਰੋਤ ਹੋਣਾ ਹੈ ਅਤੇ ਜੇਕਰ ਇਹਨੂੰ ਇੰਝ ਕਹੀਏ ਕਿ ਅਨੇਕ ਭਾਸ਼ਾਵਾਂ ਦੀ ਸਹਿਹੋਂਦ ਇਹਦਾ ਕਾਰਨ ਹੈ ਤਾਂ ਵਧੇਰੇ ਠੀਕ ਰਹੇਗਾ, ਉਦਾਰਹਣ ਵਜੋਂ :

> ਆਰੀਆ ਸਿਧਾਂਤ ਦੇ ਸਮਰਥਕਾਂ ਵੱਲੋਂ ਚੁਣੇ ਗਏ ਸ਼ਬਦਾਂ ਉੱਤੇ ਇਤਰਾਜ ਕੀਤਾ ਜਾਣਾ ਤਰਕਸੰਗਤ ਹੈ, ਉਹ ਸੰਸਕ੍ਰਿਤ ਵਿਚ ਮੌਜੂਦ ਕਈ ਸਮਾਨਅਰਥੀ ਸ਼ਬਦਾਂ ਵਿਚੋਂ ਇਕ ਸਮਾਨਅਰਥੀ ਸ਼ਬਦ ਵਰਤਦੇ ਹਨ। ਜਿਵੇਂ ਕਿ, ਸੂਰਜ ਲਈ ਕਈ ਸ਼ਬਦਾਂ ਵਿਚੋਂ (heli) ਸ਼ਬਦ, ਜਿਹਦੇ ਤੋਂ ਲਤੀਨੀ ਦਾ ਸੋਲ ਅਤੇ ਗੌਥਿਕ ਦੇ ਸੁਲਿ ਦਾ ਹੋਂਦ ਵਿਚ ਆਉਣਾ ਮੰਨਿਆ ਜਾਂਦਾ ਹੈ, ਜਰਮਨ, ਅੰਗਰੇਜ਼ੀ ਅਤੇ ਅਰਸ[44] ਵਿਚ ਇਹਦੇ ਨਾਲ ਥੋੜ੍ਹਾ-ਬਹੁਤ ਵੀ ਰਲਦਾ ਸ਼ਬਦ ਨਹੀਂ ਹੈ। ਸੰਸਕ੍ਰਿਤ ਵਿਚ ਸਭ ਤੋਂ ਵਧੇਰੇ ਵਰਤੋਂ ਵਾਲੇ ਸ਼ਬਦਾਂ ਸੂਰਯ ਅਤੇ ਰਵੀ ਨੂੰ ਗੌਲਿਆ ਨਹੀਂ ਗਿਆ। ਚੰਦ ਵਾਸਤੇ ਉਹ ਮਓਸਓ ਸ਼ਬਦ ਦਿੰਦੇ ਹਨ ਜਿਹੜਾ ਕਿ ਇਕ ਮਹੀਨੇ ਨੂੰ ਵੀ ਚਿੰਨਹਿਤ ਕਰਦਾ ਹੈ ਅਤੇ ਇਹਦੇ ਤੋਂ ਲਤੀਨੀ ਦਾ ਮਏਨਸਸਿ ਅਤੇ ਅਰਸ ਦਾ ਮੌਸਿ ਦਾ ਵਿਕਾਸ ਮੰਨਿਆ ਜਾਂਦਾ ਹੈ। ਪਰ ਇਹਦੇ ਲਈ ਸੰਸਕ੍ਰਿਤ ਦੇ ਵਧੇਰੇ ਵਰਤੇ ਜਾਂਦੇ ਸ਼ਬਦ ਚੰਦਰ ਅਤੇ ਸੋਮ ਹਨ, ਜੋ ਕਿ ਗੌਲੇ ਨਹੀਂ ਗਏ ਅਤੇ ਅਰਸ ਵਿਚ ਇਹਦੇ ਲਈ ਜਿਹੜਾ ਸ਼ਬਦ ਹੈ ਉਹਨੂੰ ਮਸਿ ਉਚਾਰਿਆ ਜਾਂਦਾ ਹੈ, ਜੋ ਕਿ ਮੈਂਨੂੰ ਲੱਗਦਾ ਹੈ ਕਿ ਬਿਨ੍ਹਾਂ ਸ਼ੱਕ ਸਿੱਧਾ ਲਤੀਨੀ ਮਏਨਸਸਿ ਤੋਂ ਆਇਆ ਹੈ ਅਤੇ ਮੈਨੂੰ ਇਹ ਸ਼ੱਕ ਹੈ ਕਿ ਪਿਛਲਾ ਸ਼ਬਦ ਸੰਸਕ੍ਰਿਤ masa ਤੋਂ ਨਹੀਂ ਆਇਆ।[45]

ਪੰਜਾਬੀ ਨਾਲ ਸਬੰਧਿਤ ਸ਼ਬਦ-ਨਿਰੁਕਤੀ ਅਧਿਐਨ ਵਿਚ ਸਭ ਤੋਂ ਵੱਡਾ ਨਾਮ ਜੀ. ਐੱਸ. ਰਿਆਲ ਦਾ ਹੈ ਉਹਨਾਂ ਵੱਲੋਂ ਕੀਤੇ ਗਏ ਸ਼ਾਬਦਿਕ ਟਾਕਰਿਆਂ ਅਤੇ ਵਿਆਖਿਆ ਨੂੰ ਪੰਜਾਬੀ ਦੇ ਖੇਤਰ ਵਿਚ ਕਾਫੀ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਹਨਾਂ ਸ਼ਬਦਾਂ ਬਾਰੇ ਇਕ ਵਾਰ ਉਹਨਾਂ ਵੱਲੋਂ ਦਰਜ ਕੀਤੇ ਅੰਦਰਾਜ ਉੱਤੇ ਵੀ ਝਾਤ ਮਾਰ ਲੈਂਦੇ ਹਾਂ, ਜਿਵੇਂ ਕਿ helio- (ਸ਼ਬਦ ਸੰਖਿਆ 452)[46] ਦੇ ਅੰਦਰਾਜ ਵਿਚ ਦਰਜ ਹੈ। ਗਰੀਕ helios, ਸੰਸਕ੍ਰੀਤ surya ਪੰਜਾਬੀ suraj ਸਪੱਸ਼ਟ ਹੈ ਇਹਨਾਂ ਸ਼ਬਦਾਂ ਦਾ ਆਪਸ ਵਿਚ ਕੋਈ ਸਬੰਧ ਪ੍ਰਤੀਤ ਨਹੀਂ ਹੁੰਦਾ, ਜੇਕਰ ਅਸੀਂ ਸ਼ਬਦ ਸੰਖਿਆ 909[47] ਨੂੰ ਵੀ ਦੇਖੀਏ ਤਾਂ ਉੱਥੇ solar ਦੇ ਅੰਦਰਾਜ ਵਿਚ ਗਰੀਕ ਦਾ ਇਹੀ ਸ਼ਬਦ ਦਿੱਤਾ ਹੋਇਆ ਹੈ। ਵੈਦਿਕ ਦਾ ਸ਼ਬਦ sura ਦਿੱਤਾ ਹੈ ਅਤੇ ਹਿੰਦ-ਯੂਰਪੀ ਦਾ ਸ਼ਬਦ sawel ਦਿੱਤਾ ਹੈ, ਇਹ ਸ਼ਬਦ ਕਿਸੇ ਵੀ ਤਰੀਕੇ ਆਪਸ ਵਿਚ ਕੋਈ ਸਾਂਝ ਨਹੀਂ ਦਰਸਾਉਂਦੇ। ਪਰ ਤਮਿਲ, ਮਲਿਆਲਮ, ਕੰਨਡ ਆਦਿ ਭਾਸ਼ਾਵਾਂ ਸਮੇਤ ਦੱਖਣੀ ਭਾਰਤੀ ਭਾਸ਼ਾਵਾਂ ਵਿਚ ਸੂਰਜ ਲਈ 'ਸੂਰਯਨ' (ਜਾਂ ਇਸ ਨਾਲ ਰਲਦਾ-ਮਿਲਦਾ) ਸ਼ਬਦ ਹੀ ਵਰਤਿਆ ਜਾਂਦਾ ਹੈ। ਤਮਿਲ ਦਾ ਇਕ ਪੁਰਾਣਾ ਸ਼ਬਦ ਹੈ 1. paruti[48] ਜਿਹਦਾ ਅਰਥ ਸੂਰਜ ਹੈ ਅਤੇ ਸੰਸਕ੍ਰਿਤ ਵਿਚ 2. paridhi ਅਤੇ 3. pridha ਦੋ ਸ਼ਬਦ ਹਨ ਜਿਸ ਵਿਚੋਂ ਪਹਿਲੇ ਦਾ ਅਰਥ ਸੂਰਜ ਅਤੇ ਚੰਨ ਦੇ ਦੁਆਲੇ ਦਿੱਸਦਾ ਛੱਲਾ ਹੈ ਅਤੇ ਦੂਜੇ ਦਾ ਅਰਥ 'ਆਲਾ ਦੁਆਲਾ' ਹੀ ਹੈ। ਇਵੇਂ ਹੀ ਕੁੱਝ ਹੋਰ ਸ਼ਬਦ ਵਿਚਾਰੀਏ ਜਿਵੇ; ਤਮਿਲ ਦਾ 4. tarakai ਅਤੇ ਸੰਸਕ੍ਰਿਤ ਦਾ 5. taraka ਦੋਵਾਂ ਸ਼ਬਦਾਂ ਦਾ ਭਾਵ ਤਾਰੇ ਹੀ ਹਨ, ਸ਼ਬਦ 1, PerumpG__uppamai ਨਾਮਕ ਇਕ ਇਕ ਲੰਬੀ ਕਵਿਤਾ ਵਿਚ ਵਰਤਿਆ ਗਿਆ ਹੈ ਜਿਹੜੀ ਕਿ 190-200 ਈਸਵੀ ਦੌਰਾਨ ਲਿਖੀ ਮੰਨੀ ਜਾਂਦੀ ਹੈ, ਜਦਕਿ ਸ਼ਬਦ 3, ਰਿਗਵੇਦ ਦੇ ਵੇਲੇ ਦਾ ਸ਼ਬਦ ਹੈ। ਇਸੇ ਸਰੋਤ ਦੇ ਪੰਨਾ 39 ਅਤੇ ਸ਼ਬਦ ਸੰਖਿਆ 99 ਨੂੰ ਦੇਖੀਏ ਤਾਂ paruti[49] ਸ਼ਬਦ ਦਾ ਤਮਿਲ ਅਰਥ, ਪਹੀਆ ਅਤੇ ਸੰਸਕ੍ਰਿਤ ਅਰਥ ਕਿਸੇ ਵੀ ਤਰ੍ਹਾਂ ਦਾ ਚੱਕਰ ਦਿੱਤਾ ਹੈ। ਗੋਲ ਸੂਰਜ, ਛੱਲਾ, ਪਹੀਆ, ਚੱਕਰ, ਆਲਾ-ਦੁਆਲਾ ਅਜਿਹੇ ਭਾਵ ਹਨ ਜਿਹਨਾਂ ਦਾ ਸਬੰਧ ਫੈਲਾਅ ਨਾਲ ਹੈ ਅਤੇ ਇਹਨਾਂ ਦਾ ਆਪਸ ਵਿਚ ਰਲਣਾ ਕੋਈ ਸਬੱਬ ਜਾਂ ਮਹਿਜ਼ ਸ਼ਬਦ-ਉਧਾਰ ਨਹੀਂ ਹੋ ਸਕਦਾ। ਕਿਉਂਕਿ ਉਧਾਰੇ ਸ਼ਬਦਾਂ ਦੀ ਵਰਤੋਂ ਸੀਮਤ ਹੁੰਦੀ ਹੈ ਅਤੇ ਉਹ ਅਰਥ-ਵਿਸਤਾਰ ਆਦਿ ਨਹੀਂ ਕਰਦੇ। ਸ਼ਬਦ 4 ਅਤੇ 5 ਦਾ ਭਾਵ ਤਾਰੇ ਹੈ। ਪੁਰਾਣੀ ਤਾਮਿਲ ਦਾ ਸ਼ਬਦ ਹੈ 6. mon%t%ilam[50] ਜਿਹਦਾ ਅਰਥ ਹੈ ਸੰਸਾਰ ਅਤੇ ਇਹਦੇ ਅਨੁਸਾਰੀ ਸੰਸਕ੍ਰਿਤ ਦਾ ਜੋ ਸ਼ਬਦ ਦਰਸਾਇਆ ਗਿਆ ਹੈ ਉਹ ਹੈ 7. mondala ਜਿਹਦਾ ਅਰਥ ਦੇਸ਼ ਹੈ।

ਇਹਨਾਂ ਸ਼ਬਦਾਂ ਦੀ ਸਾਂਝ ਖ਼ਾਸ ਕਰਕੇ ਪੰਜਾਬੀ ਨਾਲ ਬਹੁਤ ਗੂੜ੍ਹੀ ਹੈ, ਉਦਾਹਰਣ ਵਜੋਂ ਗੁਰੂ ਨਾਨਕ ਦੇਵ ਜੀ ਦਾ ਵਾਕ "ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ" ਵਾਚਿਆ ਜਾ ਸਕਦਾ ਹੈ। ਇਸ ਵਾਕ ਦੇ ਸ਼ਬਦਾਂ ਅਤੇ ਤਮਿਲ ਦੇ ਸ਼ਬਦਾਂ ਵਿਚਲੀ ਸਾਂਝ ਸਪੱਸ਼ਟ ਹੈ ਅਤੇ ਅਜਿਹਾ ਹੋਣਾ ਵੀ ਮਹਿਜ਼ ਉਧਾਰ-ਸ਼ਬਦ ਵਰਤਾਰੇ ਤੋਂ ਅੱਗੇ ਦੀ ਗੱਲ ਹੈ। ਪਰ ਜਿਵੇਂ ਕਿ ਅਸੀ ਪਹਿਲਾਂ ਦੱਸਿਆ ਹੈ, ਸ਼ਾਬਦਿਕ-ਸਮਾਨਤਾ ਟਾਕਰੇ ਦੇ ਆਧਾਰ 'ਤੇ ਕੀਤਾ ਜਾਂਦਾ ਪਾਰੰਪਰਿਕ ਵਿਖਿਆਨ ਮੰਤਕੀ ਹੁੰਦਾ ਹੈ ਅਤੇ ਇਹ ਭਾਸ਼ਾਈ ਵਿਕਾਸ ਦੀ ਅਸਲ ਤਸਵੀਰ ਪੇਸ਼

ਨਹੀਂ ਕਰਦਾ, ਕਿਉਂਕਿ ਭਾਸ਼ਾਈ ਸਾਂਝ ਪਰਿਵਾਰਵਾਦ ਅਤੇ ਉਧਾਰਵਾਦ ਦੋਵਾਂ ਵਿਖਿਆਨਾਂ ਦੇ ਅਧਾਰ 'ਤੇ ਅਧੂਰੀ ਅਤੇ ਅਟਕਲਪੱਚੂ ਹੀ ਰਹਿੰਦੀ ਹੈ। ਭਾਸ਼ਾਈ ਸਮਾਨਤਾ ਇਕ ਹਕੀਕਤ ਹੈ, ਭਾਸ਼ਾਵਾਂ ਆਪਣੇ ਸਹਿਹੋਂਦਾਤਮਕ ਵਿਕਾਸ ਵਿਚ ਇਕ-ਦੂਜੇ ਨਾਲ ਸ਼ਬਦ ਸਾਂਝੇ ਕਰਦੀਆਂ ਆਈਆਂ ਹਨ ਅਤੇ ਇਹਨਾਂ ਨੂੰ ਭਾਸ਼ਾਈ ਪਰਿਵਾਰ ਦੇ ਤੌਰ 'ਤੇ ਬੰਨਣਾ ਇਹਨਾਂ ਦੇ ਅਸਲ ਵਿਕਾਸ ਕਾਲ ਵਿਚ ਵਿਖਿਆਨ ਦੀ ਬੜੀ ਹਾਲੀਆ ਘਟਨਾ ਹੈ। ਇਸੇ ਸੰਦਰਭ ਵਿਚ ਭਗਵਾਨ ਸਿੰਘ ਦੀ ਇਕ ਟਿੱਪਣੀ ਧਿਆਨ ਮੰਗਦੀ ਹੈ :

> ਜਿੱਥੋਂ ਤਕ ਤਰਕ-ਮੁਹਾਰਤ ਦਾ ਸਵਾਲ ਹੈ, ਅਸੀਂ ਇਸ ਬਹਿਸ ਵਿਚ ਦਿੱਤੀਆਂ ਦਲੀਲਾਂ ਦੀਆਂ ਉਦਾਹਰਣਾਂ ਤੋਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਝੂਠ ਨੂੰ ਵੀ ਸੱਚ ਸਾਬਤ ਕੀਤਾ ਜਾ ਸਕਦਾ ਹੈ ਅਤੇ ਜੋ ਕਿ ਹੁਣ ਤਕ ਕੀਤਾ ਗਿਆ ਹੈ। ਸਿਰਫ ਇੰਨਾ ਹੀ ਨਹੀਂ, ਪੂਰੀ ਮੁਹਾਰਤ ਨਾਲ ਪੇਸ਼ ਕੀਤਾ ਗਿਆ ਝੂਠ ਵੀ ਸੱਚ ਨਜ਼ਰ ਆਉਂਦਾ ਹੈ, ਜਦਕਿ ਉਹਦੇ ਸਾਹਮਣੇ ਸੱਚ ਹਾਸੋ-ਹੀਣਾ ਬਣ ਕੇ ਰਹਿ ਜਾਂਦਾ ਹੈ।[51]

ਭਗਵਾਨ ਸਿੰਘ ਦੀ ਇਹ ਟਿੱਪਣੀ ਉਪਰੋਕਤ ਸੰਦਰਭ ਵਿਚ ਹੀ ਹੈ। ਉਹ ਇਸ ਤੋਂ ਵੀ ਅੱਗੇ ਆਰੀਆ ਦੇ ਮੂਲ-ਸਥਾਨ ਅਤੇ ਉਹਨਾਂ ਦੇ ਪੰਜਾਬ ਖਿੱਤੇ ਵਿਚ ਆਗਮਨ ਦੀ ਬਹਿਸ ਬਾਰੇ ਇਹ ਸ਼ਬਦ ਕਹਿ ਰਹੇ ਹਨ ਅਤੇ ਤੁਲਨਾਤਮਕ ਭਾਸ਼ਾ-ਵਿਗਿਆਨ ਵੱਲੋਂ ਜਾਰੀ ਕੀਤੇ ਗਏ ਮੰਤਕੀ ਨਤੀਜੇ ਵੀ ਇਹਦਾ ਸੰਦਰਭ ਹਨ। ਇਹਨਾਂ ਤੁਲਨਾਤਮਕ ਵਿਸ਼ਲੇਸ਼ਣਾਂ ਦੇ ਆਧਾਰ 'ਤੇ ਸੰਸਕ੍ਰਿਤ ਦਾ ਭਾਰਤੀ-ਆਰੀਆ ਭਾਸ਼ਾਵਾਂ ਦੀ ਮਾਂ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਦਰਾਵਿੜ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦਾਂ ਦਾ ਸਰੋਤ ਵੀ ਹੈ, ਇਸ ਤਰ੍ਹਾਂ ਸੰਤਾਨ ਮੱਤ ਨੂੰ ਸਾਬਤ ਕਰਨ ਦਾ ਯਤਨ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਜਿਹੜੇ ਸ਼ਬਦ ਅਸੀਂ ਉੱਪਰ ਪੇਸ਼ ਕੀਤੇ ਹਨ, ਉਹਨਾਂ ਨੂੰ ਸਰੋਤ ਅਨੁਸਾਰ ਸੰਸਕ੍ਰਿਤ ਸ਼ਬਦ ਦੱਸਿਆ ਗਿਆ ਹੈ ਜਿਹੜੇ ਵੇਦਾਂ ਆਦਿ ਵਿਚੋਂ ਲਏ ਗਏ ਹਨ। ਹੁਣ ਵੇਦਾਂ ਦੀ ਭਾਸ਼ਾ ਨੂੰ ਸੰਸਕ੍ਰਿਤ ਹੀ ਮੰਨਿਆ ਜਾਣਾ ਚਾਹੀਦਾ ਹੈ, ਇਹ ਵੀ ਆਪਣੇ-ਆਪ ਵਿਚ ਧੌਂਸ ਵਾਲਾ ਮਸਲਾ ਹੈ। ਜਿਵੇਂ ਕਿ ਅਸੀਂ ਉਪਰ ਵੀ ਦੱਸਿਆ ਹੈ ਕਿ ਸੰਸਕ੍ਰਿਤ ਨਾਲ ਕਾਫੀ ਭਾਰੇ ਵਿਸ਼ੇਸ਼ਣੀ ਵਾਕੰਸ਼ ਬੀੜੇ ਗਏ ਜਿਵੇਂ ਕਿ; 'ਸੰਪੂਰਨ ਭਾਸ਼ਾ', 'ਬਾਕੀਆਂ ਤੋਂ ਅਮੀਰ', 'ਮਾਂ-ਭਾਸ਼ਾ' ਆਦਿ ਇਹ ਅਮਲ ਅਜੇ ਤਕ ਜਾਰੀ ਹੈ, ਪਰ ਸੁਨਿਤੀ ਕੁਮਾਰ ਚਟਰਜੀ ਅਨੁਸਾਰ "ਸੰਸਕ੍ਰਿਤ ਦੇਸ਼ ਦੇ ਕਿਸੇ ਵੀ ਭਾਗ ਦੀ ਭਾਸ਼ਾ ਕਦੀ ਵੀ ਨਹੀਂ ਰਹੀ, ਈਸਾ ਤੋਂ ਕੁਝ ਕੁ ਸਦੀਆਂ ਪਹਿਲਾਂ, ਪੰਜਾਬ ਅਤੇ ਮੱਧ-ਦੇਸ਼ (ਜੋ ਕਿ ਮੌਜੂਦਾ ਪੱਛਮੀ ਸੰਯੁਕਤ ਪ੍ਰਦੇਸ਼ ਹੈ[52]) ਦੀਆਂ ਬੋਲੀਆਂ ਤੋਂ ਇਹਦਾ ਆਧਾਰ-ਰੂਪ ਗ੍ਰਹਿਣ ਹੁੰਦਾ ਪ੍ਰਾਪਤ ਹੁੰਦਾ ਹੈ"।[53] ਸੁਨਿਤੀ ਕੁਮਾਰ ਚਟਰਜੀ ਦੇ ਇਸ ਵਿਚਾਰ ਨਾਲ ਸੰਸਕ੍ਰਿਤ ਨੂੰ ਸਭ ਤੋਂ ਪੁਰਾਤਨ ਭਾਸ਼ਾ ਮੰਨਣ ਦੇ ਦਾਅਵੇ ਉੱਪਰ ਸਵਾਲ ਖੜ੍ਹਾ ਹੋ ਜਾਂਦਾ ਹੈ ਪਰ ਭਾਸ਼ਾਵਾਂ ਦੇ ਵਿਕਾਸ ਨੂੰ ਕਿਸੇ ਹੋਰ ਵਿਧੀ ਰਾਹੀਂ ਦੇਖਣ ਦਾ ਰਾਹ ਮੋਕਲਾ ਹੁੰਦਾ ਹੈ। ਕਿਉਂਕਿ ਭਾਸ਼ਾਵਾਂ ਦੇ ਜੈਵਿਕ-ਵਿਕਾਸ ਵਾਲੀ ਪਹੁੰਚ ਗਹਿਰੇ ਵਿਸ਼ਲੇਸ਼ਣ ਉਪਰੰਤ ਅਟਕਲਪੱਚੂ ਸਾਬਿਤ ਹੋ ਜਾਂਦੀ ਹੈ, ਇਸ ਕਰਕੇ, ਖੋਜ-ਸਮੱਸਿਆ ਦਾ ਵਿਸ਼ਲੇਸ਼ਣ ਉਹਦੇ ਸੰਦਰਭ ਅਤੇ ਸਮੁੱਚ ਵਿਚ ਰੱਖ ਕੇ ਕਰਨ ਦੀ ਬਜਾਇ, ਅਕਸਰ ਉਹਨੂੰ ਵਿਕੋਲਿੱਤਰਾ ਮੰਨ ਕੇ ਇਤਿਹਾਸ ਦੇ ਅਧਿਐਨ ਬਾਬਤ ਕੁੱਝ ਪੂਰਵ-ਵਰਤੀ ਖਿਆਲਾਂ ਨੂੰ ਜੜ੍ਹ ਮੰਨ ਲਿਆ ਜਾਂਦਾ ਹੈ। ਇਹ ਸਥਿਤੀ ਕੁੱਝ ਸਵਾਲ ਉਠਾਉਂਦੀ ਹੈ :

1. ਇਹ ਪੂਰਵ-ਵਰਤੀ ਖਿਆਲ ਕੀ ਹਨ?
2. ਇਹਨਾਂ ਦੀ ਲੋੜ ਕੀ ਹੈ?
3. ਇਹ ਨਤੀਜਿਆਂ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ?
4. ਕੀ ਹੋਵੇ ਜੇ ਇਹ ਸਰੋਤ ਸਹੀ ਨਾ ਹੋਣ?

ਦਰਅਸਲ ਇਹ ਪੂਰਵ-ਵਰਤੀ ਖਿਆਲ, ਅਧਿਐਨ ਲਈ ਨਾ ਤਾਂ ਜ਼ਰੂਰੀ ਹਨ ਅਤੇ ਨਾ ਹੀ ਠੀਕ ਹਨ। ਇਹ ਸਾਨੂੰ ਸਹੀ ਸਿੱਟਿਆਂ 'ਤੇ ਨਹੀਂ ਲਿਜਾਂਦੇ ਸਗੋਂ ਸਾਡੇ ਮਨ ਅਤੇ ਅਧਿਐਨ ਦੋਵਾਂ ਨੂੰ ਵਿਗਾੜਦੇ ਹਨ, ਜੋ ਕਿ ਅੱਗੇ ਨਤੀਜਿਆਂ ਨੂੰ ਵੀ ਵਿਗਾੜਦੇ ਹਨ। ਭਾਸ਼ਾਵਾਂ ਦੇ ਵਿਕਾਸ ਦੇ ਵਿਖਿਆਨ ਵਿਚ ਇਕ ਧੌਂਸ ਵਾਂਗੂੰ ਹੀ ਹੈ। ਭਗਵਾਨ ਸਿੰਘ ਦੇ ਸ਼ਬਦਾਂ ਵਿੱਚ :

> ਇਸ ਤਰ੍ਹਾਂ ਦੀ ਭਾਸ਼ਾ ਸਾਰੀਆਂ ਭਾਸ਼ਾਵਾਂ ਦੇ ਤਾਲਮੇਲਵੇਂ ਸਮਾਜਕ ਸਮਝੌਤੇ ਤਹਿਤ ਤਿਆਰ ਨਹੀਂ ਕੀਤੀ ਜਾਂਦੀ, ਜਦਕਿ ਜੋ ਭੂਗੋਲਿਕ ਖੇਤਰ ਰਾਜਨੀਤਕ, ਆਰਥਿਕ ਜਾਂ ਧਾਰਮਿਕ ਨਜ਼ਰੀਏ ਤੋਂ ਜ਼ਿਆਦਾ ਮਹੱਤਵਪੂਰਨ ਹੁੰਦਾ ਹੈ, ਉਹਦੀ ਬੋਲੀ ਹੀ ਬਾਕੀਆਂ ਦੇ ਮੁਕਾਬਲੇ ਪ੍ਰਧਾਨਤਾ ਪਾ ਜਾਂਦੀ ਹੈ। ਉਹ ਆਪਣੇ ਪ੍ਰਭਾਵ-ਖੇਤਰ ਦੀਆਂ ਬੋਲੀਆਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਉਹਨਾਂ ਤੋਂ


**www.sanvad.org**
ISSN : 2395-1273

ਪ੍ਰਭਾਵਿਤ ਹੁੰਦਿਆਂ ਹੋਇਆਂ ਬੁੱਧੀਜੀਵੀਆਂ ਹੱਥੋਂ ਸੰਵਾਰੀ ਜਾਂਦੀ ਹੈ, ਇਕ ਵਿਆਪਕ ਦਿੱਖ ਗ੍ਰਹਿਣ ਕਰਦਿਆਂ, ਆਪਣੇ ਖੇਤਰੀ ਰੂਪ ਤੋਂ ਉੱਪਰ ਉੱਠਦੀ ਹੈ। ਇਸ ਪ੍ਰਕਿਰਿਆ ਦੌਰਾਨ ਇਹ ਬਾਕੀ ਭਾਸ਼ਾਵਾਂ ਦਾ ਸੋਸ਼ਣ ਕਰਦੀ, ਉਹਨਾਂ ਦੀ ਵਿਸ਼ੇਸ਼ਤਾਵਾਂ ਹਥਿਆਉਂਦੀ ਆਪਣੇ-ਆਪ ਨੂੰ ਸਮਰੱਥ ਕਰਦੀ ਹੈ। ਇਸ ਪ੍ਰਭਾਵ ਅਧੀਨ ਇਹਨਾਂ ਵਿਚ ਆਪਣੀ ਸ਼ਬਦਾਵਲੀ ਦਾ ਬਹੁਤ ਵੱਡਾ ਅੰਸ਼ ਬੀਜਦੀ, ਬਾਕੀ ਖੇਤਰੀ ਬੋਲੀਆਂ ਦੇ ਭੇਦ ਨੂੰ ਖਾਰਜ ਕਰਦੀ ਹੈ ਅਤੇ ਬਹੁਤੇ ਜਨਾਂ ਤੋਂ ਬਣੇ ਜਨ-ਸਮਾਜ ਵਿੱਚ, ਅਨੇਕਾਂ ਗੀਤਾਂ ਅਤੇ ਵਿਸ਼ਵਾਸਾਂ ਵਾਲੇ ਭੂ-ਭਾਗ ਵਿਚ ਇਕ ਵਿਆਪਕ ਸੰਸਕ੍ਰਿਤੀ ਅਤੇ ਭਾਸ਼ਾ ਦਾ ਵਿਕਾਸ ਹੁੰਦਾ ਹੈ। ਇਸ ਪੂਰੇ ਕ੍ਰਮ ਨੂੰ ਉਲਟਾ ਦੇਣ ਕਾਰਨ ਹੀ ਵਿਦਵਾਨਾਂ ਨੇ ਆਪਣੀਆਂ ਵਿਆਖਿਆਵਾਂ ਨੂੰ ਅਤੇ ਨਾਲ ਹੀ ਆਪਣੇ ਨਤੀਜਿਆਂ ਨੂੰ ਦੂਸ਼ਿਤ ਕਰ ਰੱਖਿਆ ਹੈ।[54]

ਜਿਸ ਤਰ੍ਹਾਂ ਕਿ ਸਾਡੀ ਧਾਰਨਾ ਹੁਣ ਤਕ ਬਣੀ ਹੈ, ਭਗਵਾਨ ਸਿੰਘ ਦੀ ਉਪਰੋਕਤ ਟਿੱਪਣੀ ਨਾਲ ਅਸੀਂ ਪੂਰੀ ਤਰ੍ਹਾਂ ਸਹਿਮਤ ਹਾਂ। ਇਸ ਟਿੱਪਣੀ ਨਾਲ ਇਕ ਐਂਡ-ਨੋਟ ਵੀ ਦਿੱਤਾ ਗਿਆ ਜਿਸ ਵਿਚ ਸੰਸਕ੍ਰਿਤ, ਗਰੀਕ, ਲਤੀਨੀ, ਰੂਸੀ, ਫਰੈਂਚ, ਜਰਮਨ ਅਤੇ ਹਿੰਦੀ ਆਦਿ ਭਾਸ਼ਾਵਾਂ ਨੂੰ ਅਜਿਹੀਆਂ ਭਾਸ਼ਾਵਾਂ ਦੱਸਿਆ ਗਿਆ ਹੈ, ਜਿਹਨਾਂ ਦਾ ਜ਼ਿਕਰ ਉਪਰੋਕਤ ਟਿੱਪਣੀ ਵਿਚ ਕੀਤਾ ਗਿਆ ਹੈ। ਸੋ ਸਾਡਾ ਵੀ ਇਹ ਮੰਨਣਾ ਹੈ ਕਿ ਭਾਸ਼ਾਵਾਂ ਦੇ ਇਤਿਹਾਸ ਅਤੇ ਵਿਕਾਸ ਪ੍ਰਕਿਰਿਆ ਵਿਚ ਬੁਨਿਆਦੀ ਪੱਧਰ ਉੱਤੇ ਧਾਰਨਾਵਾਂ ਦਾ ਵਿਗਾੜ ਹੀ ਭਾਰਤੀ ਭਾਸ਼ਾਵਾਂ ਜਾਂ ਵਧੇਰੇ ਵਿਆਪਕ ਪੱਧਰ 'ਤੇ ਕਹਿਣਾ ਹੋਵੇ ਤਾਂ ਸਮੁੱਚੀਆਂ ਭਾਸ਼ਾਵਾਂ ਦੇ ਇਤਿਹਾਸ ਬਾਰੇ ਗਲਤ ਨਤੀਜੇ ਪੈਦਾ ਕਰਦਾ ਹੈ। ਉਦਾਹਰਣ ਵਜੋਂ, ਭਾਰਤ ਦਾ ਭਾਸ਼ਾਈ ਸਰਵੇ ਕਰਨ ਵਾਲਾ ਗ੍ਰੀਅਰਸਨ ਓਰੀਐਂਟਲਿਸਟ ਮੱਤ ਤੋਂ ਪ੍ਰਭਾਵਿਤ ਸੀ। ਉਹਦਾ ਸਰਵੇ ਭਾਰਤੀ ਭਾਸ਼ਾਵਾਂ ਦੇ ਇਤਿਹਾਸਕਾਰਾਂ ਲਈ ਸੰਦਰਭ ਗ੍ਰੰਥ ਹੈ। ਜੇਕਰ ਅਸੀਂ ਬਾਕੀ ਸਾਰੇ ਸਰਵੇਖਣ ਨੂੰ ਇਕ ਘੜੀ ਪਾਸੇ ਰੱਖ ਕੇ ਸਿਰਫ ਪੰਜਾਬੀ ਵਾਲਾ ਮਸਲਾ ਵਿਚਾਰੀਏ ਤਾਂ, ਤਾਂ ਇਹ ਸਰਵੇ ਪੰਜਾਬੀ ਬਾਬਤ ਪੰਜਾਬ ਖਿੱਤੇ ਦੀ ਭਾਸ਼ਾ ਅਤੇ ਇਸ ਖਿੱਤੇ ਵਿਚ ਬੋਲੀਆਂ ਜਾਂਦੀਆਂ ਰਹੀਆਂ ਭਾਸ਼ਾਵਾਂ ਦੀ ਲਗਾਤਾਰਤਾ ਦੇ ਤੌਰ 'ਤੇ ਅਧਿਐਨ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਸਿਧਾਂਤਕ ਤੌਰ 'ਤੇ ਖਾਰਜ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸਦੇ ਉਲਟ ਇਹ ਸਰਵੇਖਣ ਪੰਜਾਬੀ ਨੂੰ ਪੰਜਾਬੀ ਅਤੇ ਲਹਿੰਦੀ ਵਿਚ ਵੰਡਦਾ ਹੈ। ਇਹ ਪ੍ਰਭਾਵੀ ਪਰਿਕਲਪਨਾਵਾਂ ਵਿਆਖਿਆਕਾਰਾਂ ਨੂੰ ਹੁਣ ਤਕ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ। ਪਰੋਟੋ ਭਾਸ਼ਾ ਅਤੇ ਭਾਸ਼ਾ-ਪਰਿਵਾਰ ਸਬੰਧੀ ਜਿਹੜੇ ਵਿਚਾਰ ਪਾਦਰੀਆਂ ਅਤੇ ਪੂਰਬਵਾਦੀਆਂ ਵੱਲੋਂ ਆਏ ਉਹਨਾਂ ਨੂੰ ਉਵੇਂ ਦਾ ਉਵੇਂ ਹੀ ਭਾਰਤੀ ਵਿਖਿਆਨਕਾਰਾਂ ਵੱਲੋਂ ਸਾਡੇ ਸਾਹਮਣੇ ਵੱਡੇ-ਵੱਡੇ ਗਰੰਥਾਂ ਅੰਦਰ ਪਰੋਸ ਦਿੱਤਾ ਗਿਆ ਅਤੇ ਇਹੀ ਸਾਡੇ ਹੁਣ ਤਕ ਦੇ ਚਿੰਤਨ ਦੀ ਗਲਤ ਬੁਨਿਆਦ ਦੇ ਤੌਰ 'ਤੇ ਚੱਲਿਆ ਆ ਰਿਹਾ ਹੈ। ਅਭਯ ਕੁਮਾਰ ਦੂਬੇ ਦੀਆਂ ਹੇਠ ਦਿੱਤੀਆਂ ਟਿੱਪਣੀਆਂ ਨੂੰ ਦੇਖਣਾ ਬਣਦਾ ਹੈ :

ਅਸਲ ਵਿਚ ਭਾਸ਼ਾ ਪਰਿਵਾਰ ਦਾ ਵਿਚਾਰ ਈਸਾਈ ਧਰਮ ਸ਼ਾਸਤਰ ਦੇ ਯੂਰਪੀਅਨ ਪਾਠ ਦੀ ਦੇਣ ਹੈ। ਇਸ ਤੋਂ ਉਤਪੰਨ ਸਮਝ ਦੇ ਆਧਾਰ 'ਤੇ ਇਤਿਹਾਸਕ ਭਾਸ਼ਾ ਸ਼ਾਸਤਰ (ਫਿਲੋਲੋਜੀ) ਅਤੇ ਭਾਸ਼ਾ-ਵਿਗਿਆਨ (ਲਿੰਗੁਇਸਟਿਕਸ) ਜਿਹੇ ਅਨੁਸ਼ਾਸਨ ਦੀ ਕੰਧ ਖੜੀ ਕੀਤੀ ਗਈ ਹੈ। ਇਹ ਭਾਸ਼ਾ ਸਬੰਧੀ ਬਿਬਲੀਕਲ ਚਿੰਤਨ ਮੁੱਖ ਤੌਰ 'ਤੇ ਯੂਰੋ-ਕ੍ਰਿਸ਼ਚਿਐਨਟੀ ਦੁਆਰਾ ਵਿਕਸਿਤ ਕੀਤਾ ਗਿਆ ਹੈ।[55] ...ਜਿੱਥੋਂ ਤਕ ਮੇਰੀ ਨਜ਼ਰ ਗਈ ਹੈ, ਸਿਰਫ ਹਿੰਦੀ ਦੇ ਕੁੱਝ ਚਿੰਤਕਾਂ (ਜਿਵੇਂ ਰਾਮ ਵਿਲਾਸ ਸ਼ਰਮਾ ਅਤੇ ਭਗਵਾਨ ਸਿੰਘ) ਨੂੰ ਛੱਡ ਕੇ ਭਾਰੋਪੀ ਪਰਿਵਾਰ ਅਤੇ ਦ੍ਰਾਵਿੜ ਪਰਿਵਾਰ ਦੀ ਵਿਚਾਰ ਅਧੀਨ ਰਾਜਨੀਤੀ 'ਤੇ ਨਜ਼ਰ ਮਾਰਨ ਦੀ ਹਿੰਮਤ ਕਿਸੇ ਨੇ ਨਹੀਂ ਕੀਤੀ। ਇਕ ਤਰ੍ਹਾਂ ਨਾਲ ਭਾਰਤੀ ਚਿੰਤਕਾਂ ਨੇ ਭਾਸ਼ਾ ਪਰਿਵਾਰਾਂ ਦੀ ਇਸ ਬੌਧਿਕ ਰਾਜਨੀਤੀ ਨੂੰ ਸਪੁਰਦ ਕੀਤੇ ਗਏ ਗਿਆਨ ਦੀ ਤਰ੍ਹਾਂ ਜਜ਼ਬ ਕਰ ਲਿਆ ਹੈ।[56]

ਦਰਅਸਲ ਇਹੀ ਕੱਚ-ਘਰੜ ਧਾਰਨਾਵਾਂ ਜਿਨ੍ਹਾਂ ਦਾ ਉੱਲੇਖ ਅਭਯ ਕੁਮਾਰ ਦੂਬੇ ਵੱਲੋਂ ਕੀਤਾ ਗਿਆ ਹੈ; ਸਾਮਰਾਜੀ ਦਾਬੇ ਅਧੀਨ ਇੰਨੀਆਂ ਸ਼ਕਤੀਸ਼ਾਲੀ ਬਣ ਗਈਆਂ ਕਿ ਇਹਨਾਂ ਨੂੰ ਅੰਤਿਮ ਸੱਚ ਮੰਨ ਕੇ ਹੀ ਪਰਚਾਰਿਆ ਜਾਣ ਲੱਗ ਪਿਆ। ਭਾਰਤ ਵਿਚ ਭਾਸ਼ਾ ਨੂੰ ਸਮਾਜ ਨਾਲ ਜੋੜ ਕੇ ਉਹਦਾ ਮਾਨਵਵਿਗਿਆਨੀ ਅਧਿਐਨ ਕਰਨ ਦੀ ਪਰੰਪਰਾ ਘੱਟੋ-ਘੱਟ ਆਧੁਨਿਕ ਭਾਸ਼ਾ-ਵਿਗਿਆਨ ਦੇ ਸੰਦਰਭ ਵਿਚ ਤਾਂ ਵਜੂਦ ਵਿਚ ਹੀ ਨਹੀਂ ਹੈ। ਜ਼ਿਆਦਾਤਰ ਬਿਬਲੀਕਲ ਆਧਾਰ ਰੱਖਦੀਆਂ ਧਾਰਨਾਵਾਂ ਨੂੰ ਸਥਿਰ ਮਾਪਕ (Constant) ਮੰਨ ਕੇ ਭਾਸ਼ਾ-ਬਣਤਰ ਦਾ ਅਧਿਐਨ ਕੀਤਾ ਜਾ ਰਿਹਾ ਹੈ। ਭਾਸ਼ਾ ਦੇ ਇਤਿਹਾਸਕ ਵਿਕਾਸ ਦੇ ਅਧਿਐਨ ਵੱਲ ਕੋਈ ਵੀ

ਧਿਆਨ ਨਹੀਂ ਦਿੱਤਾ ਜਾ ਰਿਹਾ। ਪੰਜਾਬੀ ਵਿਚ ਇਤਿਹਾਸਕ ਭਾਸ਼ਾ-ਵਿਗਿਆਨ ਨਾਲ ਸੰਬੰਧਿਤ ਸਿਰਫ ਇੱਕੋ-ਇਕ ਕਿਤਾਬ ਸਾਡੇ ਕੋਲ ਆਤਮ ਸਿੰਘ ਦੀ ਹੈ। ਉਹ ਇਕ ਥਾਂ ਲਿਖਦੇ ਹਨ ਕਿ "ਇਤਿਹਾਸ ਖੋਜੀਆਂ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਆਦਿ-ਕਾਲ ਤੋਂ ਕਈ ਭਾਸ਼ਾਵਾਂ ਬੋਲਦਾ ਚਲਿਆ ਆ ਰਿਹਾ ਹੈ। ਜੇਕਰ ਇਹ ਅਨੁਮਾਨ ਲਗਾਇਆ ਜਾਵੇ ਕਿ ਕਿਸੇ ਸਮੇਂ ਸਾਰੇ ਮਨੁੱਖ ਇੱਕੋ ਹੀ ਭਾਸ਼ਾ ਬੋਲਦੇ ਸਨ ਅਤੇ ਉਸ ਪਿੱਛੋਂ ਹੋਰ ਭਾਸ਼ਾਵਾਂ ਹੋਂਦ ਵਿਚ ਆਈਆਂ ਤਾਂ ਇਸ ਪੱਖ ਦੀ ਪੁਸ਼ਟੀ ਲਈ ਭਾਸ਼ਾ ਵਿਗਿਆਨ ਪਾਸ ਕੋਈ ਪੱਕਾ ਤੇ ਠੋਸ ਸਬੂਤ ਨਹੀਂ।"[57] ਸਾਡਾ ਇਤਿਹਾਸਿਕ ਭਾਸ਼ਾ-ਵਿਗਿਆਨ ਅਟਕਲਪੱਚੂ ਹੈ ਅਤੇ ਆਤਮ ਸਿੰਘ ਦੀ ਉਪਰੋਕਤ-ਟਿੱਪਣੀ ਇਸ ਗੱਲ ਨੂੰ ਸਾਬਤ ਕਰਦੀ ਹੈ ਤਾਂ ਵੀ ਪੰਜਾਬੀ ਦੇ ਭਾਸ਼ਾ-ਵਿਗਿਆਨ ਨੇ ਇਸ ਪਾਸੇ ਕੋਈ ਖਾਸ ਧਿਆਨ ਨਹੀਂ ਦਿੱਤਾ ਜਦਕਿ ਅਣਸਰਦੀ ਲੋੜ ਹੈ ਕਿ ਗੈਰ-ਵਿਗਿਆਨਕ ਮਿੱਥਾਂ ਨੂੰ ਆਪਣਾ ਸਥਿਰ-ਮਾਪਕ ਮੰਨ ਕੇ ਚੱਲਣ ਵਾਲੇ ਇਤਿਹਾਸਕ ਭਾਸ਼ਾ-ਵਿਗਿਆਨ ਦੀਆਂ ਵਲਗਣਾਂ ਤੋੜੀਆਂ ਜਾਣ ਅਤੇ ਮਾਨਵ-ਵਿਗਿਆਨਕ ਭਾਸ਼ਾ-ਵਿਗਿਆਨ ਵਰਗਾ ਵੱਡਾ ਅਨੁਸ਼ਾਸਨ ਮਜਬੂਤ ਕੀਤਾ ਜਾਵੇ।

ਪੱਛਮੀ ਫਿਲੋਲਜੀ ਨੂੰ ਹੂ-ਬ-ਹੂ ਅਪਨਾ ਲੈਣਾ ਕਿਸੇ ਵੀ ਹੀਲੇ ਤਰਕਸੰਗਤ ਨਹੀਂ ਹੈ, ਅਸੀਂ ਆਪਣੇ ਗਿਆਨ ਅਨੁਸ਼ਾਸਨਾਂ ਅੰਦਰ ਪੂਰਨ ਤੌਰ ਉੱਤੇ ਇਹਨਾਂ ਤੋਂ ਹੀ ਸੇਧ ਪ੍ਰਾਪਤ ਕਰਦੇ ਨਜਰ ਆਉਂਦੇ ਹਾਂ। ਇਤਿਹਾਸਕਾਰ ਰੋਮਿਲਾ ਥਾਪਰ ਇਕ ਜਗ੍ਹਾ ਇਹਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਇਹ ਭਾਸ਼ਾ-ਸ਼ਾਸਤਰੀ ਪਾਠ ਯੂਰਪੀ ਅਤੀਤ ਅਤੇ ਵਰਤਮਾਨ ਦੇ ਪੁਨਰ-ਨਿਰਮਾਣ ਨਾਲ ਮੇਲਵੇਂ ਅਤੇ ਇਹਦੇ ਸਾਧਨ ਸਨ। ਇਸ ਤਹਿਤ ਉਨੀਂਵੀਂ ਸਦੀ ਦੇ ਅਖੀਰ ਤਕ ਸਮਾਜਕ ਡਾਰਵਿਨਵਾਦ ਨੂੰ 'ਨਸਲ-ਵਿਗਿਆਨ' ਨਾਲ ਜੋੜ ਲਿਆ ਗਿਆ। ਇਤਿਹਾਸ ਨੂੰ ਨਸਲਾਂ ਦੇ ਭੇੜ ਦੇ ਤੌਰ 'ਤੇ ਦੇਖਿਆ ਜਾਣ ਲੱਗਾ। ਇਹ ਦ੍ਰਿਸ਼ਟੀਕੋਣ ਅੱਗੇ ਸਾਮਰਾਜਵਾਦ ਨੂੰ ਜਾਇਜ਼ ਠਹਿਰਾਉਣ ਦਾ ਆਧਾਰ ਬਣਿਆ, ਉੱਚੀਆਂ ਜਮਾਤਾਂ ਨੂੰ ਉੱਤਮ ਮੰਨਣਾ ਅਤੇ ਫਿਰ ਆਰੀਆਵਾਦ ਨਾਲ ਸਿਖਰਾਂ 'ਤੇ ਜਾਣਾ ਅਤੇ ਨਾਜ਼ੀ ਵਿਚਾਰਧਾਰਾ ਦੇ ਤੌਰ 'ਤੇ ਸਾਹਮਣੇ ਆਇਆ। ਵੀਹਵੀਂ ਸਦੀ ਦੇ ਅੱਧ ਤੱਕ ਨਸਲੀ ਮਤਾਂ ਦੇ ਕੁਤਰਕ ਸਪੱਸ਼ਟ ਹੋਣ ਲੱਗੇ ਅਤੇ ਇਹ ਮੱਤ ਜੀਵ-ਵਿਗਿਆਨੀਆਂ ਅਤੇ ਸਭਿਆਚਾਰ-ਇਤਿਹਾਸਕਾਰਾਂ ਵੱਲੋਂ ਖਾਰਜ ਕਰ ਦਿੱਤੇ ਗਏ। ਪਰ ਭਾਰਤ ਵਿਚ ਇਹ ਲਗਾਤਾਰ ਪ੍ਰਚਲਿਤ ਰਹੇ ਹਨ।[58] ਇਸ ਧਾਰਨਾ ਵਿਚ ਇੰਨਾ ਜੋੜਨਾ ਦਰੁਸਤ ਹੋਵੇਗਾ ਕਿ ਭਾਸ਼ਾ-ਵਿਗਿਆਨ ਵਿਚ ਇਹ ਅਜੇ ਵੀ ਪ੍ਰਚਲਿਤ ਹੈ ਅਤੇ ਇਸ ਮੱਤ ਦੇ ਵਿਰੋਧ ਦੇ ਬਾਵਜੂਦ ਇਹ ਭਾਰੂ ਮੱਤ ਹੈ। ਸਾਮਰਾਜਵਾਦ ਅਤੇ ਨਸਲਵਾਦ ਦੇ ਹਾਣੀ ਇਸ ਮਤ ਨੂੰ ਖਾਰਜ ਕਰਨ ਲਈ ਸੰਗਠਿਤ ਤੇ ਸੰਸਥਾਗਤ ਯਤਨ ਲੋੜੀਂਦਾ ਹੈ।

ਭਾਸ਼ਾ ਦੇ ਵਿਕਾਸ ਅਤੇ ਇਤਿਹਾਸ ਬਾਰੇ ਸੰਤਾਨ ਮੱਤ ਅਜੇ ਤਕ ਪ੍ਰਚਲਿਤ ਹੈ ਅਤੇ ਇਸ ਨੂੰ ਭਾਸ਼ਾ-ਵਿਗਿਆਨੀਆਂ ਤੇ ਇਤਿਹਾਸਕਾਰਾਂ ਦਾ ਸਮਰਥਨ ਪ੍ਰਾਪਤ ਹੈ। ਸਮੁੱਚੇ ਤੌਰ 'ਤੇ ਇਹ ਪਹੁੰਚ ਹਕੀਕਤ ਨੂੰ ਵਿਗਾੜ ਕੇ ਪੇਸ਼ ਕਰਦੀ ਹੈ। ਇਹ ਭਾਸ਼ਾ ਦੀ ਅਸਲ ਵਿਕਾਸ ਪ੍ਰਕਿਰਿਆ ਦਾ ਵਿਖਿਆਨ ਨਹੀਂ ਕਰਦੀ। ਸੋ ਭਾਸ਼ਾ ਦੀ ਇਤਿਹਾਸਕਾਰੀ ਦੀ ਇਸ ਪਹੁੰਚ ਅਤੇ ਇਸ ਨਾਲ ਸੰਬੰਧਿਤ ਬਾਕੀ ਸਾਰੇ ਮਤਾਂ ਦਾ ਵਿਗਿਆਨਿਕ ਪੁਨਰ-ਵਿਸ਼ੇਲਸ਼ਣ ਲੋੜੀਂਦਾ ਹੈ। ਕਿਉਂਕਿ ਭਾਸ਼ਾ ਇਕ ਸਮਾਜਕ ਵਰਤਾਰਾ ਹੈ ਅਤੇ ਨਾਲ ਦੀ ਨਾਲ ਇਕ ਸਮਾਜਕ ਉਤਪਾਦਨ ਵੀ ਹੈ, ਭਾਸ਼ਾ ਅਤੇ ਸਾਹਿਤ ਦਾ ਇਤਿਹਾਸ ਸਦਾ ਹੀ ਸਮਾਜ ਦੇ ਇਤਿਹਾਸ ਅਤੇ ਰੂਪਾਂਤਰਨ ਦੁਆਰਾ ਨਿਰਧਾਰਤ ਹੁੰਦਾ ਹੈ। ਸੰਤਾਨ ਮੱਤ ਵਿਚ ਇਸ ਤੱਥ ਬਾਬਤ ਚੇਤਨਾ ਦੀ ਮੁੱਢੋਂ ਹੀ ਘਾਟ ਹੈ। ਭਾਸ਼ਾ ਅਤੇ ਸਾਹਿਤ ਦੇ ਇਤਿਹਾਸ ਨਾਲ ਨਜਿੱਠਦਿਆਂ ਕਿਸੇ ਖ਼ਾਸ ਸਮੇਂ ਦੌਰਾਨ ਉਸ ਸਮਾਜ ਦੀ ਸਮਾਜਕ ਬਣਤਰ ਬਾਰੇ ਨਾ ਕਿ ਸਿਰਫ ਵਿਚਾਰ ਕਰਨਾ ਲਾਜਮੀ ਸ਼ਰਤ ਹੈ ਸਗੋਂ ਭਾਸ਼ਾ ਅਧਿਐਨ ਨੂੰ ਸਮਾਜਕ ਅਧਿਐਨ ਨਾਲ ਮੇਲਵੇਂ ਤੌਰ 'ਤੇ ਚਲਾਉਣਾ ਜ਼ਰੂਰੀ ਹੈ। ਇਸੇ ਕਰਕੇ ਸਾਨੂੰ ਭਾਸ਼ਾ ਦੀ ਇਤਿਹਾਸਕਾਰੀ ਲਈ ਇਕ ਵਿਗਿਆਨਕ ਸਿਧਾਂਤ ਲੋੜੀਂਦਾ ਹੈ ਅਤੇ ਫਿਲਹਾਲ ਇਹ ਮੰਨਣਾ ਸਾਡੇ ਲਈ ਲਾਜਮੀ ਹੈ ਕਿ ਜਿੰਨਾ ਸਮਾਂ ਭਾਰਤੀ ਭਾਸ਼ਾਵਾਂ ਅਤੇ ਸਮੁੱਚੇ ਤੌਰ 'ਤੇ ਭਾਰਤੀ ਇਤਿਹਾਸ ਨੂੰ ਨਵੇਂ ਜ਼ਾਵੀਏ ਨਾਲ ਨਹੀਂ ਵਾਚਿਆ ਜਾਂਦਾ, ਓਨਾ ਸਮਾਂ ਇਹ ਗੁੱਥੀ ਸੁਲਝਾਉਣਾ ਅਸੰਭਵ ਹੈ।

ਇਤਿਹਾਸਕ ਭਾਸ਼ਾ-ਵਿਗਿਆਨ ਜੈਵਿਕ ਅਧਾਰ 'ਤੇ ਭਾਸ਼ਾਵਾਂ ਦਾ ਵਰਗੀਕਰਨ ਕਰਦਾ ਹੋਇਆ ਸਾਡੇ ਸਾਹਮਣੇ ਤਿੰਨ ਮੁੱਖ ਨੁਕਤੇ ਪੇਸ਼ ਕਰਦਾ ਹੈ :

1. ਸੰਤਾਨ ਮੱਤ ਇਕ ਭਾਸ਼ਾ ਦਾ ਦੂਜੀਆਂ ਭਾਸ਼ਾਵਾਂ ਨੂੰ ਜਨਮ ਦੇਣਾ।
2. ਭਾਸ਼ਾਈ ਆਯਾਤ ਜਿਵੇਂ ਕਿ ਭਾਰਤੀ ਭਾਸ਼ਾਵਾਂ ਬਾਰੇ ਕਿਹਾ ਜਾਂਦਾ ਹੈ ਕਿ ਇਥੇ ਬੋਲੇ ਜਾਣ ਵਾਲੇ ਸਾਰੇ ਭਾਸ਼ਾ-ਪਰਿਵਾਰ ਬਾਹਰੋਂ ਆਏ ਹਨ ਅਤੇ ਇਸ ਖਿੱਤੇ ਨਾਲ ਸੰਬੰਧਿਤ ਨਹੀ।
3. ਸ਼ੁੱਧ ਪੁਰਾਤਨ ਰੂਪ ਅਜੋਕੀਆਂ ਭਾਸ਼ਾਵਾਂ ਦੇ ਉਹ ਰੂਪ ਜਿਹੜੇ ਉਪਰੋਕਤ ਦੋਵੇਂ ਸ਼ਰਤਾਂ ਪੂਰੀਆਂ ਕਰਦੇ ਹਨ,


**www.sanvad.org**
ISSN : 2395-1273

ਭਾਵ ਉਹ ਉਸ ਭਾਸ਼ਾ ਵਿਚੋਂ ਜਿਹੜੀ 'ਮਾਂ-ਭਾਸ਼ਾ' ਹੈ ਵਿਚੋਂ ਆਏ ਹੋਣ, ਬੱਸ ਉਹ ਸ਼ਬਦ ਹੀ ਕਿਸੇ ਭਾਸ਼ਾ ਦੇ ਸ਼ੁੱਧ-ਰੂਪ ਰੂਪ ਹੋ ਸਕਦੇ ਹਨ। ਬਾਕੀ ਸਾਰੇ ਰੂਪ ਇੱਧਰੋਂ-ਉਧਰੋਂ ਲਏ ਗਏ ਹਨ। ਸਿਰਫ ਸ਼ੁੱਧ ਰੂਪਾਂ ਦੇ ਆਧਾਰ 'ਤੇ ਹੀ ਉਸ ਭਾਸ਼ਾ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਸਾਡੇ ਸਾਹਮਣੇ ਹੇਠ ਦਰਸਾਏ ਸਵਾਲ ਉੱਭਰਦੇ ਹਨ ਜੋ ਕਿ ਇਸ ਪਰਚੇ ਦਾ ਮੂਲ ਅਧਾਰ ਵੀ ਹਨ;

1. ਭਾਸ਼ਾਵਾਂ (ਖਾਸ ਕਰ ਹਿੰਦ-ਆਰੀਆ ਭਾਸ਼ਾਵਾਂ) ਦੀ ਉਤਪਤੀ ਦਾ ਸਵਾਲ।
2. ਆਪਸੀ ਸੰਪਰਕ ਅਧੀਨ ਉਹਨਾਂ ਦੇ ਪਰਸਪਰ ਵਿਕਾਸ ਦਾ ਸਵਾਲ।
3. ਭਾਸ਼ਾ-ਪਰਿਵਾਰ ਦੇ ਮੱਤ ਦੀ ਅਸਲੀਅਤ ਦੀ ਪਰਖ ਦਾ ਸਵਾਲ।

ਇਸ ਚਰਚਾ ਤੋਂ ਬਾਅਦ ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਬਾਰੇ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਇਹ ਮੱਤ ਦਰਅਸਲ ਬੇਬਲ ਦੀ ਮਿਨਾਰ ਦੀ ਮਿੱਥ ਤੋਂ ਆਪਣੀ ਬੁਨਿਆਦੀ ਸਮੱਗਰੀ ਪ੍ਰਾਪਤ ਕਰਦਾ ਹੈ ਅਤੇ ਇਹਨੇ ਭਾਸ਼ਾਈ ਇਤਿਹਾਸ ਦੇ ਵਿਖਿਆਨ ਨੂੰ ਇਸੇ ਮਿੱਥ ਉੱਤੇ ਸਮੇਂ-ਸਮੇਂ ਉਸਰੀਆਂ ਵੱਖ-ਵੱਖ ਧਾਰਨਾਵਾਂ ਨਾਲ ਅੱਗੇ ਤੋਰਿਆ। ਇਹ ਮੱਤ ਸਾਮਰਾਜੀ ਤਾਕਤਾਂ ਵੱਲੋਂ ਸੰਸਥਾਗਤ ਢੰਗ ਨਾਲ ਲਾਗੂ ਕੀਤਾ ਗਿਆ ਅਤੇ ਇਹੀ ਕਾਰਨ ਸੀ ਕਿ ਇਹ ਹੌਲੀ-ਹੌਲੀ ਅਜਿਹਾ ਗਲਬਾ ਹਾਸਲ ਕਰ ਗਿਆ ਕਿ ਇਸ ਮੱਤ ਨੂੰ ਚੁਣੌਤੀ ਦੇਣੀ ਔਖੀ ਹੋ ਗਈ ਅਤੇ ਇਹ ਭਾਸ਼ਾਈ ਉਤਪਤੀ ਅਤੇ ਵਿਕਾਸ ਦਾ ਇੱਕੋ-ਇਕ ਮੱਤ ਬਣਿਆ ਹੋਇਆ ਹੈ। ਇਸ ਮੱਤ ਵਿਚ ਭਾਸ਼ਾ ਅਤੇ ਭਾਸ਼ਾ-ਪਰਿਵਾਰਾਂ ਦੀ ਉੱਤਪਤੀ ਨੂੰ ਸਿਰਫ ਤੇ ਸਿਰਫ ਈਸ਼ਵਰ ਦੀ ਸਿਰਜਣਾ ਮੰਨ ਕੇ ਚੱਲਣਾ ਪਹਿਲੀ ਸ਼ਰਤ ਹੈ ਅਤੇ ਇਹਨੂੰ ਪਰਖਣ ਦੀ ਮਨਾਹੀ ਹੈ। ਆਧੁਨਿਕ ਭਾਸ਼ਾ-ਵਿਗਿਆਨ ਇਸ ਸਵਾਲ ਨੂੰ ਬਿਲਕੁਲ ਵੀ ਸੰਬੋਧਿਤ ਨਹੀਂ ਹੁੰਦਾ।[59] ਇਹ ਭਾਸ਼ਾਈ ਸਮਾਨਤਾ ਨੂੰ ਸਿਰਫ ਤੇ ਸਿਰਫ ਭਾਸ਼ਾ-ਪਰਿਵਾਰ ਨਾਲ ਜੋੜ ਕੇ ਦੇਖਣ ਦਾ ਵਿਚਾਰ ਥੋਪਦਾ ਹੈ। ਆਧੁਨਿਕ ਭਾਸ਼ਾ ਵਿਗਿਆਨ ਭਾਸ਼ਾ ਦਾ ਸੁਭਾਅ ਆਪਹੁਦਰਾ ਮੰਨਦਾ ਹੈ, ਪਰ ਪਰਿਵਰਤਨ ਨੂੰ ਨਿਯਮਿਤ ਅਤੇ ਇਕਸਾਰਤਾ ਦੇ ਸਿਧਾਂਤ ਦਾ ਧਾਰਨੀ ਕਹਿੰਦਾ ਹੈ। ਉਸ ਅਨੁਸਾਰ ਜੇਕਰ ਅਸੀਂ ਭਾਸ਼ਾਵਾਂ ਦੇ ਸ਼ਬਦਾਂ ਅਤੇ ਉਨ੍ਹਾਂ ਦੇ ਇੱਕੋ ਜਿਹੇ ਅਰਥਾਂ ਵਿਚ ਧੁਨੀ ਅਨੁਸਾਰਤਾ ਵੇਖੀਏ ਤਾਂ ਮਾਂਗਵੇਂ ਸ਼ਬਦਾਂ ਦੀ ਸੰਭਾਵਨਾ ਨੂੰ ਛੱਡ ਇਸ ਅਨੁਸਾਰਤਾ ਨੂੰ ਕੇਵਲ ਰੱਬ-ਸਬੱਬੀ ਜਾਂ ਇਤਫਾਕੀਆ ਸਮਾਨਤਾ ਦਾ ਕਾਰਨ ਨਹੀਂ ਮੰਨਾਂਗੇ ਅਤੇ ਇਸੇ ਲਈ ਅਸੀਂ ਇਹ ਸਿੱਟਾ ਕੱਢਾਂਗੇ ਕਿ ਸਬੰਧਤ ਭਾਸ਼ਾਵਾਂ ਇੱਕੋ ਮੂਲ-ਭਾਸ਼ਾ (parent language) ਤੋਂ ਵਿਕਸਿਤ ਹੋਈਆਂ ਹਨ। ਸੋ ਸਜਾਤੀ ਸ਼ਬਦਾਂ (cognates) ਦੇ ਧੁਨਾਤਮਿਕ ਰੂਪਾਂ ਅਤੇ ਅਰਥਾਂ ਵਿਚ ਅਨੁਸਾਰਤਾ ਦੀ ਇਕਸਾਰਤਾ (regularity of correspondence) ਇਤਿਹਾਸਕ ਭਾਸ਼ਾ-ਵਿਗਿਆਨ ਦਾ ਆਧਾਰਭੂਤ ਸਿਧਾਂਤ ਹੈ। ਇਹ ਧੁਨੀ-ਅਰਥ ਸਮਰੂਪਤਾ (sound-meaning correspondences) ਹੀ ਇਸਦੇ ਪੂਰਵ ਇਤਿਹਾਸਕ ਪੁਨਰ-ਨਿਰਮਤ ਰੂਪਾਂ ਦਾ ਸਰੂਪ ਹੈ, ਜਿਹਨੂੰ ਪੂਰਨ ਤੌਰ 'ਤੇ ਪਰਿਕਲਪਿਤ ਆਖ ਕੇ ਵੀ ਆਧੁਨਿਕ ਭਾਸ਼ਾਵਾਂ ਦੀ ਮਾਂ-ਭਾਸ਼ਾ ਦੇ ਤੌਰ 'ਤੇ ਥੋਪਿਆ ਜਾਂਦਾ ਹੈ।


ਅਭਯ ਦੂਬੇ ਅਨੁਸਾਰ ਯੂਰਪੀ ਵਿਦਵਾਨ ਓਲਡ ਟੈਸਟਾਮੈਂਟ ਦੇ 'ਜੈਨੇਸਿਸ' ਨਾਮ ਦੇ ਅਧਿਆਇ ਵਿਚ ਦਰਜ ਸਰਿਸ਼ਟੀ-ਰਚਨਾ, ਮਾਨਵੀ ਇਤਿਹਾਸ ਦੇ ਵਿਕਾਸ-ਕ੍ਰਮ ਤੋਂ ਅਗਵਾਈ ਲੈਂਦੇ ਹਨ।[60] ਸਾਡਾ ਵੀ ਇਹੀ ਮੰਨਣਾ ਇਸੇ ਮਿੱਥ ਨੂੰ ਪ੍ਰਮਾਣਿਤ ਕਰਨ ਦਾ ਯਤਨ ਕਰਦਿਆਂ ਉਹਨਾਂ ਭਾਸ਼ਾ-ਪਰਿਵਾਰ ਦਾ ਚਰਚਾ ਅਧੀਨ ਮੱਤ ਘੜਿਆ ਅਤੇ ਉਹਨਾਂ ਦਾ ਵਿਚਾਰਧਾਰਾਈ ਮੰਤਵ ਪੂਰਨ ਤੌਰ 'ਤੇ 'ਜੈਨੇਸਿਸ' ਵਿਚ ਲਿਖੇ ਹੋਏ ਹਰ ਇਕ ਸ਼ਬਦ ਨੂੰ ਸਹੀਂ ਸਾਬਿਤ ਕਰਨ ਦਾ ਹੀ ਸੀ, ਜਿਹਨੇ ਦਰਅਸਲ ਭਾਸ਼ਾਈ ਵਿਕਾਸ ਦੇ ਅਸਲ ਪਹਿਲੂਆਂ ਨੂੰ ਹੁਣ ਤਕ ਸਾਡੇ ਕੋਲੋਂ ਲਕੋਈ ਰੱਖਿਆ।

ਉਪਰੋਕਤ ਚਰਚਾ ਵਿਚ ਜੇਕਰ ਅਸੀਂ ਪ੍ਰਚਲਿਤ ਮੱਤ ਦੀ ਟੱਕਰ ਵਿਚ ਕੋਈ ਬਦਲਵਾਂ ਮੱਤ ਵਿਕਸਿਤ ਕਰਨਾ ਹੈ ਤਾਂ ਹਕੀਕੀ ਸਮਝ ਇਸ ਗੱਲ ਉੱਤੇ ਜ਼ੋਰ ਦਿੰਦੀ ਹੈ ਕਿ ਭਾਸ਼ਾ ਪਰਿਵਾਰ ਭਾਸ਼ਾਵਾਂ ਦੇ ਪਰਸਪਰ ਸਬੰਧਾਂ ਵਿਚੋਂ ਵਿਕਾਸ ਕਰਦੇ ਹਨ। ਜਦਕਿ ਪ੍ਰਚਲਿਤ ਧਾਰਨਾ ਇਸ ਦੇ ਉਲਟ ਹੈ ਅਤੇ ਮੰਨਦੀ ਹੈ ਕਿ ਭਾਸ਼ਾ-ਪਰਿਵਾਰ ਪਹਿਲਾਂ ਵਿਕਸਿਤ ਹੁੰਦੇ ਹਨ, ਆਪਣੇ ਮੂਲ-ਤੱਤ ਪਹਿਲਾਂ ਹਾਸਲ ਕਰ ਲੈਂਦੇ ਹਨ ਅਤੇ ਬਾਅਦ ਵਿਚ ਇਹ ਸੰਪਰਕ ਵਿਚ ਆਉਂਦੇ ਹਨ ਅਤੇ ਫਿਰ ਇੱਕ-ਦੂਜੇ ਤੋਂ ਕੁੱਝ ਨਹੀਂ ਗ੍ਰਹਿਣ ਕਰਦੇ।

ਬਦਲਵੇਂ ਮੱਤ ਵਿਚ ਕਈ ਭਾਸ਼ਾ-ਪਰਿਵਾਰ ਇਕ ਭਾਸ਼ਾ-ਖੇਤਰ ਵਿਚ ਆਪਸੀ ਸਹਿਹੋਂਦ ਦੇ ਲਖਾਇਕ ਹਨ। ਇਹ ਸਹਿਹੋਂਦ ਉਹਨਾਂ ਦੇ ਵਿਕਾਸ ਦੀ ਅਤੇ ਇਸ ਵਿਕਾਸ ਦੀ ਪ੍ਰਕਿਰਿਆ ਨੂੰ ਸਮਝਣ ਦੀ ਕੁੰਜੀ ਹੈ। ਇਸ ਸਹਿਹੋਂਦ ਨੂੰ ਮੰਨ ਲੈਣਾ ਸਮੁੱਚੇ ਤੌਰ 'ਤੇ ਭਾਸ਼ਾ-ਪਰਿਵਾਰ ਦੇ ਵਿਕਾਸ ਵਿਚ ਧਾੜਵੀਪੁਣੇ ਦੀ ਸੰਭਾਵਨਾ ਨੂੰ ਖਤਮ ਕਰ

ਦਿੰਦਾ ਹੈ ਅਤੇ ਭਾਸ਼ਾਵਾਂ ਦੇ ਵਿਕਾਸ ਨੂੰ ਇਕ ਲਗਾਤਾਰਤਾ ਤਹਿਤ ਪੇਸ਼ ਕਰਦਾ ਹੈ ਅਤੇ ਇਹੀ ਭਾਸ਼ਾਵਾਂ ਨੂੰ ਸਹੀ ਅਰਥਾਂ ਵਿਚ ਗਤੀਸ਼ੀਲ ਸਾਬਤ ਕਰਦਾ ਹੈ।

ਜਦਕਿ ਪ੍ਰਚਲਿਤ ਧਾਰਨਾ ਵਿਚ ਭਾਸ਼ਾ ਪਰਿਵਾਰਾਂ ਦੀ ਸਹਿਹੋਂਦ ਜਾਂ ਆਪਸੀ ਪਰਸਪਰ ਸਬੰਧਾਂ ਨੂੰ ਨਕਾਰਿਆ ਗਿਆ ਹੈ ਅਤੇ ਇਹਨਾਂ ਨੂੰ ਸੰਪਰਕ ਵਿਚ ਆਉਣ ਤੋਂ ਪਹਿਲਾਂ ਹੀ ਪੂਰੀ ਤਰ੍ਹਾਂ ਵਿਕਸਿਤ ਹੋਏ ਮੰਨਿਆ ਗਿਆ ਹੈ, ਜਿਸ ਨਾਲ ਆਪਸੀ ਸੰਪਰਕ ਤੋਂ ਬਾਅਦ ਆਏ ਰੂਪਾਂਤਰਨ ਨੂੰ ਵਿਕਾਸ ਮੰਨਣ ਦੀ ਥਾਂ ਵਿਗਾੜ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ ਅਤੇ ਪੁਰਾਣੇ (ਅਖੌਤੀ ਪੂਰਨ ਵਿਕਸਿਤ) ਰੂਪ ਨੂੰ ਸ਼ੁੱਧ ਰੂਪ ਸਮਝਿਆ ਜਾਂਦਾ ਹੈ। ਇਸੇ ਪੁਰਾਣੇ ਰੂਪ ਨੂੰ ਪਹਿਲੀ ਭਾਸ਼ਾ, ਦੇਵ ਭਾਸ਼ਾ, ਰੱਬ ਦੀ ਭਾਸ਼ਾ, ਆਦਿ-ਭਾਸ਼ਾ ਵਰਗੇ ਨਾਵਾਂ ਨਾਲ ਪ੍ਰਚਾਰਿਆ ਜਾਂਦਾ ਹੈ। ਸਾਡੇ ਅਨੁਸਾਰ ਇਹ ਦੋਵੇਂ ਵਿਖਿਆਨ ਵੱਖਰੀਆਂ ਵਿਚਾਰਧਾਰਾਈ ਲੀਹਾਂ ਹਨ। ਕਿਸੇ ਭਾਸ਼ਾ (ਸਮੇਤ ਪੰਜਾਬੀ) ਦੀ ਉੱਤਪਤੀ ਦਾ ਸਮਾਂ ਨਿਸ਼ਚਿਤ ਕਰਨਾ ਉਸੇ ਪ੍ਰਚਲਿਤ ਧਾਰਨਾ ਦਾ ਨਤੀਜਾ ਹੈ, ਜਿਸ ਅਨੁਸਾਰ ਪਹਿਲਾਂ ਕੋਈ ਸ਼ੁੱਧ ਭਾਸ਼ਾ ਸੀ ਤੇ ਫਿਰ ਰੂਪ ਵਿਗੜੇ (ਅਪਭ੍ਰੰਸ਼ ਸ਼ਬਦ ਆਪਣੇ-ਆਪ ਵਿਚ ਇਸ ਧਾਰਨਾ ਦਾ ਪ੍ਰਮਾਣ ਹੈ) ਅਤੇ ਅੰਤ ਆਧੁਨਕਿ ਭਾਸ਼ਾਈ ਰੂਪਾਂ ਦੀ ਉਤਪਤੀ ਹੋਈ। ਇਸ ਕਲਪਿਤ ਵਿਕਾਸ ਲੀਹ ਦਾ ਭਾਸ਼ਾਈ ਖੇਤਰ ਅਤੇ ਸਮਾਜ ਦੇ ਇਤਿਹਾਸਕ ਵਿਕਾਸ ਦੀ ਪ੍ਰਕਿਰਿਆ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ ਅਤੇ ਨਾ ਹੀ ਉਹ ਇਹਨੂੰ ਕੋਈ ਅਹਿਮੀਅਤ ਦਿੰਦੇ ਹਨ, ਜਦਕਿ ਭਾਸ਼ਾਵਾਂ ਆਪਸੀ ਸਹਿਹੋਂਦ ਵਿਚ ਹੇਠ ਦਿੱਤੇ ਚਿੱਤਰ ਅਨੁਸਾਰ ਵਿਕਾਸ ਕਰਦੀਆਂ ਹਨ।



ਚਿੱਤਰ - 8

ਪ੍ਰਚਲਿਤ ਭਾਸ਼ਾ-ਪਰਿਵਾਰ ਵਾਲੀ ਧਾਰਨਾ ਦਰਅਸਲ ਮਨੁੱਖੀ ਸਮਾਜ ਦੇ ਵਿਕਾਸ ਪੜਾਵਾਂ ਨੂੰ ਉਲੰਘ ਕੇ ਬਣਦੀ ਹੈ। ਭਾਸ਼ਾ-ਪਰਿਵਾਰ ਦੇ ਬਣਨ ਦਾ ਇਕ ਲੰਮੇਰਾ ਨਿਰਮਾਣ ਕਾਲ ਹੁੰਦਾ ਹੈ। ਪਰ ਪ੍ਰਚਲਿਤ ਧਾਰਨਾ ਅਨੁਸਾਰ ਪਹਿਲਾਂ ਪਰਿਵਾਰ (ਮਾਂ-ਭਾਸ਼ਾ) ਬਣਦੇ ਹਨ, ਫਿਰ ਭਾਸ਼ਾਵਾਂ ਬਣਦੀਆਂ ਹਨ। ਪਰ ਬਦਲਵੀ ਧਾਰਨਾ ਅਨੁਸਾਰ ਕਿਸੇ ਪਰਿਵਾਰ ਦੀਆਂ ਭਾਸ਼ਾਵਾਂ ਬੋਲਣ ਵਾਲੇ ਸਮੂਹ ਸਮਾਜਕ ਵਿਕਾਸ ਦੇ ਇਕ ਪੜਾਅ 'ਤੇ ਪਹੁੰਚ ਕੌਮੀਅਤਾਂ ਦੇ ਰੂਪ ਵਿਚ ਸੰਗਠਿਤ ਹੁੰਦੇ ਹਨ। ਸਮਾਜਕ ਵਿਕਾਸ ਦੇ ਨਾਲ-ਨਾਲ ਹੀ ਭਾਸ਼ਾਵਾਂ ਦਾ ਫੈਲਾਅ ਅਤੇ ਵਿਕਾਸ ਜਾਰੀ ਰਹਿੰਦਾ ਹੈ ਅਤੇ ਵੱਖ-ਵੱਖ ਸਮਾਜਕ-ਸਮੂਹਾਂ ਵਿਚਕਾਰ, ਸੰਪਰਕ ਭਾਸ਼ਾਵਾਂ ਵਿਕਸਿਤ ਹੁੰਦੀਆਂ ਹਨ, ਕੌਮੀਅਤਾਂ ਦੇ ਸਮਾਜਕ ਪੜਾਅ 'ਤੇ ਇਹ ਸੰਪਰਕ ਭਾਸ਼ਾਵਾਂ ਇਸ ਪੱਧਰ ਤਕ ਵਿਕਸਿਤ ਹੋਈਆਂ ਕਿ ਇਹੀ ਸੰਪਰਕ-ਭਾਸ਼ਾਵਾਂ ਹੀ ਭਾਸ਼ਾ-ਸਮੂਹਾਂ (ਪਰਿਵਾਰਾਂ) ਦੀ ਬੁਨਿਆਦ ਬਣਦੀਆਂ ਹਨ।

ਮਾਨਵ ਕਬੀਲੇ, ਹਜ਼ਾਰਾਂ ਸਾਲਾਂ ਤਕ ਘੁਮੰਤਰੂ ਜੀਵਨ ਬਿਤਾਉਂਦੇ ਰਹੇ ਹਨ; ਸਮਾਜਕ ਵਿਕਾਸ ਕਰਮ ਵਿਚ ਖੇਤੀ-ਸਭਿਅਤਾ ਦੀ ਮੰਜ਼ਿਲ ਕਾਫੀ ਦੇਰ ਨਾਲ ਆਉਂਦੀ ਹੈ। ਖੇਤੀ ਦੇ ਪ੍ਰਚਲਣ ਤੋਂ ਬਾਅਦ ਮਨੁੱਖੀ ਸਮਾਜ ਕਿਸੇ ਭੂ-ਖੇਤਰ ਵਿਚ ਪਕੇਰੇ ਤੌਰ 'ਤੇ ਰਹਿਣ ਦੇ ਕਾਬਲ ਬਣਦੇ ਹਨ। ਆਰੀਆ ਅਤੇ ਮੂਲ ਨਿਵਾਸੀ ਬਹਿਸ ਵੀ ਇਸੇ ਨੁਕਤੇ ਦੀ ਸਮਝ ਨਾਲ ਹੀ ਸਮਝੀ ਜਾ ਸਕਦੀ ਹੈ। ਕੋਈ ਵੀ ਮਾਨਵ ਸਮੂਹ ਧਰਤ ਦੇ ਕਿਸੇ ਵੀ ਟੁਕੜੇ ਦਾ ਮੂਲ-ਨਿਵਾਸੀ ਕਦੀ ਵੀ ਨਹੀਂ ਰਿਹਾ। ਜਿਹੜੇ ਮਾਨਵ-ਸਮੂਹ ਖੇਤੀ ਨੂੰ ਵਿਕਸਿਤ ਕਰਦੇ ਗਏ ਉਹ ਉਸ ਖੇਤਰ ਦੇ 'ਵਸਿੰਦੇ' ਬਣਦੇ ਗਏ। ਖੇਤੀ ਸਭਿਅਤਾ ਦਾ ਆਰੰਭ ਹੋਣ ਤੋਂ ਪਹਿਲਾਂ ਆਪਣੇ ਘੁਮੰਤਰੂ ਜੀਵਨ ਕਾਰਨ ਵੱਖ-ਵੱਖ ਗਣ-ਸਮਾਜ ਇਕ-ਦੂਸਰੇ ਦੇ ਸੰਪਰਕ ਵਿਚ ਆਉਂਦੇ ਰਹੇ ਹਨ। ਭਾਸ਼ਾ-ਪਰਿਵਾਰਾਂ ਦੇ ਮੂਲ ਤੱਤਾਂ ਦਾ ਨਿਰਮਾਣ ਗਣ-ਵਿਵਸਥਾ ਦੀ ਇਸ ਪਹਿਲੀ ਮੰਜ਼ਿਲ ਵਿਚ ਹੁੰਦਾ ਹੈ, ਜਦੋਂ ਕਬੀਲੇ ਘੁਮੰਤਰੂ ਜੀਵਨ ਬਿਤਾਉਂਦੇ ਸਨ। ਸੋ ਇਸ ਤਰ੍ਹਾਂ ਇਹ ਮੂਲ ਤੱਤ ਕਿਸੇ ਵੀ ਇਕ ਕਬੀਲੇ ਦੇ ਨਹੀਂ ਹੁੰਦੇ, ਅਨੇਕ ਕਬੀਲਿਆਂ ਦੇ ਹੁੰਦੇ ਹਨ, ਉਹਨਾਂ ਨੂੰ ਇਹ ਕਬੀਲੇ ਅਨੇਕ ਸਰੋਤਾਂ ਤੋਂ ਪ੍ਰਾਪਤ ਕਰਦੇ ਹਨ। ਰਾਮ ਵਿਲਾਸ ਸ਼ਰਮਾ ਅਨੁਸਾਰ :

> ... ਭਾਸ਼ਾ ਵਿਗਿਆਨੀ ਗਣਸਮਾਜਾਂ ਦੇ ਘੁਮੰਤਰੂ ਜੀਵਨ, ਉਹਨਾਂ ਦੀ ਭਾਸ਼ਾਈ ਵਿਭਿੰਨਤਾ, ਉਹਨਾਂ ਦੇ ਆਪਸੀ ਸੰਪਰਕ ਨੂੰ ਭਾਸ਼ਾਈ ਵਿਖਿਆਨ ਤੋਂ ਦੂਰ ਰੱਖਦੇ ਹਨ। ਇਸ ਦੀ ਬਜਾਇ ਉਹ ਇਹ ਮੰਨਦੇ ਹਨ ਕਿ ਇਕ ਆਦਿਮ ਮਾਨਵ ਸਮੂਹ ਕੋਈ ਪੂਰਵ-ਵਿਕਸਿਤ ਭਾਸ਼ਾ ਬੋਲਦਾ ਸੀ। ਇਹ ਮਾਨਵ ਸਮੂਹ ਅਨੇਕ ਸ਼ਾਖਾਵਾਂ 'ਚ ਵੰਡਿਆ ਗਿਆ। ਆਦਿ ਮਾਨਵ ਸਮਾਜ ਦੀ ਜਣਨੀ-ਭਾਸ਼ਾ ਤੋਂ ਇਹਨਾਂ ਸ਼ਾਖਾ-ਸਮੂਹਾਂ ਦੀਆਂ ਧੀ-ਭਾਸ਼ਾਵਾਂ ਦੀ ਉੱਤਪਤੀ ਹੋਈ। ਉਹ ਮੰਨਦੇ ਹਨ ਕਿ


www.sanvad.org
ISSN : 2395-1273

ਭਾਸ਼ਾ ਪਰਿਵਾਰ ਦਾ ਨਿਰਮਾਣ ਵਿਭਿੰਨ ਭਾਸ਼ਾਵਾਂ ਦੇ ਮਿਲਣ ਨਾਲ ਨਹੀਂ ਹੁੰਦਾ; ਉਹਨਾਂ ਦਾ ਨਿਰਮਾਣ ਕਿਸੇ ਜਣਨੀਭਾਸ਼ਾ ਦੇ ਅਨੇਕਾਂ ਸ਼ਾਖਾਵਾਂ ਵਿਚ ਵੰਡੇ ਜਾਣ ਉਪਰੰਤ ਹੁੰਦਾ ਹੈ। ਇਤਿਹਾਸਕ ਭਾਸ਼ਾ-ਵਿਗਿਆਨ ਦੇ ਗਤੀਰੋਧ ਦਾ ਪ੍ਰਮੁੱਖ ਕਾਰਨ ਹੈ ਕਿਸੇ ਜਣਨੀ ਭਾਸ਼ਾ ਤੋਂ ਧੀ ਭਾਸ਼ਾਵਾਂ ਦੀ ਉੱਤਪਤੀ ਦਾ ਸਿਧਾਂਤ। ਤੁਸੀ ਭਾਸ਼ਾਈ ਖੇਤਰ ਦੀ ਗੱਲ ਕਰਦੇ ਰਹੋ, ਪਰ ਜਣਨੀ ਭਾਸ਼ਾ ਖੁਦ ਬਣੀ ਹੋਈ ਹੈ। ਉਹ ਜਿਸ ਖੇਤਰ ਵਿਚ ਉਤਪੰਨ ਹੁੰਦੀ ਹੈ, ਉਸ ਵਿਚ ਜਾਂ ਉਹਦੇ ਆਸ-ਪਾਸ ਕੋਈ ਦੂਸਰੀ ਜਣਨੀ ਭਾਸ਼ਾ ਨਹੀਂ ਹੁੰਦੀ। ਆਪਣੇ ਨਿਰਮਾਣ ਕਾਲ ਵਿਚ ਭਾਸ਼ਾ ਪਰਿਵਾਰ ਇੱਕ-ਦੂਜੇ ਦੇ ਸੰਪਰਕ 'ਚ ਆਏ ਹੋਣਗੇ, ਇਸ ਗੱਲ ਦੀ ਛਾਣ-ਬੀਣ ਦੀ ਲੋੜ ਹੀ ਨਹੀਂ ਰਹਿ ਜਾਂਦੀ। ਉਹਨਾਂ ਗਣ-ਸਮਾਜਾਂ ਦੀ ਭਾਸ਼ਾ ਵਿਚ ਕਿਸ ਤਰ੍ਹਾਂ ਦੀ ਵਿਭਿੰਨਤਾ ਸੀ, ਜਿਸ ਦੇ ਇੱਕਤਰ ਹੋਣ ਨਾਲ ਭਾਸ਼ਾ-ਪਰਿਵਾਰ ਬਣਿਆ, ਉਹਦੀ ਛਾਣਬੀਨ ਗੈਰ-ਜਰੂਰੀ ਹੋ ਜਾਂਦੀ ਹੈ। ਗਣਸਮਾਜਾਂ ਦੇ ਹੌਲੀ-ਹੌਲੀ ਹੁੰਦੇ ਭਾਸ਼ਾਈ ਵਿਕਾਸ ਦੀ ਪ੍ਰਕਿਰਿਆ ਦੀ ਥਾਂ ਜਣਨੀ ਭਾਸ਼ਾ ਅਤੇ ਉਹਦੀਆਂ ਧੀ-ਭਾਸ਼ਾਵਾਂ ਦੀ ਉੱਤਪਤੀ ਦਾ ਸਿਧਾਂਤ ਸਥਾਪਿਤ ਕਰ ਦਿੱਤਾ ਜਾਂਦਾ ਹੈ।[61]

ਭਾਰਤ ਨੂੰ ਸਭਿਅਤਾ ਅਤੇ ਭਾਸ਼ਾ ਦੋਵਾਂ ਦਾ ਆਯਾਤ ਕੇਂਦਰ ਹੀ ਮੰਨਿਆ ਜਾਂਦਾ ਰਿਹਾ ਹੈ, ਅਸੀਂ ਆਪਣੇ ਖੋਜ-ਪ੍ਰਸਤਾਵ ਵਿਚ ਵੀ ਲਿਖਿਆ ਸੀ ਕਿ ਭਾਸ਼ਾਈ ਨਿਰਯਾਤ (ਦੂਜੀ ਥਾਂ 'ਤੇ ਹੋਇਆ ਆਯਾਤ) ਮੱਤ ਖਾਹ-ਮ-ਖਾਹ ਹੀ ਹਰ ਥਾਂ 'ਤੇ ਲਾਗੂ ਕਰ ਦਿੱਤਾ ਜਾਂਦਾ ਹੈ, ਜੋ ਠੀਕ ਨਹੀਂ, ਇਹ ਭਾਸ਼ਾਵਾਂ ਦੇ ਸੰਤਾਨ-ਮੱਤ ਨੂੰ ਲਾਗੂ ਕਰਨਾ ਹੀ ਹੈ। ਜੇਕਰ ਭਾਰਤ ਸਿਰਫ ਆਯਾਤ ਕੇਂਦਰ ਹੈ ਤਾਂ ਇਥੇ ਬਾਹਰੋਂ ਆਏ ਲੋਕਾਂ ਅਤੇ ਨਾਲ ਹੀ ਉਹਨਾਂ ਦੀ ਭਾਸ਼ਾ ਦਾ ਆਯਾਤ ਹੋਇਆ ਪਰ ਕੀ ਇਹ ਕਦੀ ਨਹੀਂ ਹੋਇਆ ਹੋਵੇਗਾ ਕਿ ਇਥੋਂ ਕੋਈ ਬਾਹਰ ਗਿਆ ਹੋਵੇ? ਜਾਂ ਇਥੋਂ ਕੋਈ ਭਾਸ਼ਾ ਜਾਂ ਭਾਸ਼ਾਈ-ਤੱਤ ਬਾਹਰ ਗਏ ਹੋਣ। ਭਾਰਤ ਵਿਚ ਪ੍ਰਚਲਿਤ ਰੂੜੀਵਾਦੀ ਧਾਰਨਾਵਾਂ ਅਤੇ ਪ੍ਰਚਲਿਤ ਇਤਿਹਾਸਕ ਭਾਸ਼ਾ-ਵਿਗਿਆਨ ਦੀਆਂ ਸਥਾਪਨਾਵਾਂ ਵਿਚ ਕੋਈ ਭਿੰਨਤਾ ਨਹੀਂ ਹੈ, ਦੋਵੇਂ ਆਦਿ ਆਰੀਆ ਭਾਸ਼ਾ, ਭਾਵ ਵੈਦਿਕ ਵਿਚ ਭਾਰਤੀ-ਆਰੀਆਂ ਭਾਸ਼ਾਵਾਂ ਦੀ ਉਤਪਤੀ ਮੰਨਦੇ ਹਨ। ਇਸੇ ਦੇ ਮੁਕਾਬਲੇ ਹੀ ਭਾਸ਼ਾਈ ਵਿਕਾਸ ਦੇ ਵਿਗਿਆਨਕ ਮਾਡਲ ਦੀ ਬੁਨਿਆਦੀ ਸਿਧਾਂਤਕ ਸਮਝ ਸਾਡੀ ਅਗਵਾਈ ਕਰ ਸਕਦੀ ਹੈ ਜੋ ਕਿ ਭਾਸ਼ਾ-ਪਰਿਵਾਰਾਂ ਦੇ ਪ੍ਰਚਲਿਤ ਮੱਤ ਨੂੰ ਗੈਰ-ਵਿਗਿਆਨਕ ਅਤੇ ਸਾਮਰਾਜੀ ਲੀਹਾਂ 'ਤੇ ਉੱਸਰਿਆ ਸਾਬਤ ਕਰਦੀ ਹੈ। ਬਦਲਵੇਂ ਮੱਤ ਦੇ ਮੁੱਖ ਬੁਨਿਆਦੀ ਸਿਧਾਂਤਕ ਨੁਕਤੇ ਹਨ; ਕਿ ਪੁਰਾਤਨ ਭਾਰਤੀ ਭਾਸ਼ਾ ਇਕ ਨਹੀਂ ਸਗੋਂ ਕਈ ਸਨ। ਵੈਦਿਕ ਨੂੰ ਇੱਕੋ-ਇਕ ਪੁਰਾਤਨ ਆਰੀਆ ਭਾਸ਼ਾ ਮੰਨਣ ਦਾ ਮਕਸਦ ਕਿਸੇ ਪੂਰਵ-ਨਿਰਮਿਤ ਮੁਕੰਮਲ ਭਾਸ਼ਾ ਨੂੰ ਸਭ ਭਾਸ਼ਾਵਾਂ ਦੀ ਜਣਨੀ ਸਿੱਧ ਕਰਨਾ ਹੈ। ਸਵਾਲ ਉੱਠਦਾ ਹੈ ਕਿ 'ਕੀ ਰਿਗਵੇਦ ਵਰਗਾ ਦਾਰਸ਼ਨਿਕ ਟੈਕਸਟ ਸਿੱਧਾ ਹੀ ਲਿਖਣਾ ਸੰਭਵ ਹੈ? ਕੀ ਇਸ ਤੋਂ ਪਹਿਲਾਂ ਕਿਸੇ ਵੀ ਹੋਰ ਟੈਕਸਟ ਦੀ ਹੋਂਦ ਨੂੰ ਨਕਾਰਿਆ ਜਾ ਸਕਦਾ ਹੈ?' ਰਿਗਵੇਦ ਬਿਨਾਂ-ਸ਼ੱਕ ਹੁਣ ਤਕ ਉਪਲੱਬਧ ਸਭ ਤੋਂ ਪੁਰਾਣੀ ਟੈਕਸਟ ਹੋ ਸਕਦੀ ਹੈ ਪਰ ਜਿਸ ਧਰਤੀ 'ਤੇ ਵੇਦ ਰਚੇ ਗਏ, ਉਹ ਧਰਤੀ 'ਤੇ ਇਹਨਾਂ ਤੋਂ ਪਹਿਲਾਂ ਕਿਸੇ ਟੈਕਸਟ ਦੀ ਹੋਂਦ ਹੀ ਨਾ ਰਹੀ ਹੋਵੇ, ਇਸ ਸੰਭਵ ਹੋ ਹੀ ਨਹੀਂ ਸਕਦਾ। ਇਥੋਂ ਦੇ ਲੋਕ ਆਪਣੇ ਸਾਹਿਤ ਵਿਚ ਵਿਕਾਸ ਕਰਕੇ ਰਿਗਵੇਦ ਤਕ ਪਹੁੰਚੇ ਹੋਣਗੇ। ਸੋ ਇਸੇ ਹੀ ਤੱਥ ਨੂੰ ਪਰਾਚੀਨ ਭਾਰਤੀ ਭਾਸ਼ਾਵਾਂ ਨਾਲ ਵੀ ਜੋੜ ਕੇ ਦੇਖਣਾ ਲਾਜ਼ਮੀ ਹੈ।

ਸੋ ਇਸ ਤੋਂ ਅੱਗੇ ਦਾ ਸਾਡਾ ਖੋਜ-ਕਾਰਜ ਇਸੇ ਹੀ ਸਿਧਾਂਤਕ ਸਮਝ ਤੋਂ ਅਗਵਾਈ ਲਵੇਗਾ। ਇਸ ਮੌਕੇ ਸਾਡਾ ਇਹ ਪਰਚਾ ਭਾਸ਼ਾ-ਵਿਗਿਆਨ ਵਿਚ ਭਾਸ਼ਾ-ਪਰਿਵਾਰ ਦੇ ਪ੍ਰਚਲਿੱਤ ਮੱਤ ਦਾ ਖੰਡਨ ਕਰਦਾ ਹੈ।

## ਹਵਾਲੇ

1. Through such comparison we can relate other languages, assume that they developed from an earlier language, and classify them as belonging to a specific language family. - Lehmann, Winfred Philipp, **Historical Linguistics: An Introduction**, Holt, Rinehart and Winston, Oxford and IBH, 1962.
2. As with human biological families, a language family is a phylogenetic unit: a classification of languages into a language family implies that they descend from a common parent language, known as a proto-language. - Pereltsvaig, Asya, **Languages of the World: An Introduction**, Cambridge University Press, 2012, P-8.

3. “Browse by Language Family,” **Ethnologue**, https://www.ethnologue.com/browse/families. Accessed 4 Jan. 2023.
4. “About Languoids,” **Glottolog**, https://glottolog.org/glottolog/glottologinformation. Accessed 6 Jan. 2023.
5. Ibid.
6. “Language Isolate,” **Ethnologue**, https://www.ethnologue.com/subgroups/language-isolate. Accessed 6 Jan. 2023.
7. Ibid, Glottolog.
8. Basque, Language, **History, Grammar & Dialects,** Britannica. https://www.britannica.com/topic/Basque-language. Accessed 1 June 2023.
9. Documentation and Description of Nihali, a Critically Endangered Language Isolate of India | Endangered Languages Archive, https://www.elararchive.org/dk0168/. Accessed 1 June 2023.
10. ਆਤਮ ਸਿੰਘ, **ਇਤਿਹਾਸਕ ਭਾਸ਼ਾ ਵਿਗਿਆਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1996, ਪੰਨਾ 11.
11. “Indo-European,” **Ethnologue**, https://www.ethnologue.com/subgroups/indo-european. Accessed 6 Jan. 2023.
12. “Indo-European.” **Glottolog**, https://glottolog.org/resource/languoid/id/indo1319. Accessed 6 Jan. 2023.
13. The Sanscrit language, whatever be its antiquity, is of a wonderful structure; more perfect than the Greek, more copious than the Latin, and more exquisitely refined than either, yet bearing to both of them a stronger affinity, both in the roots of verbs and the forms of grammar, than could possibly have been produced by accident; so strong indeed, that no philologer could examine them all three, without believing them to have sprung from some common source, which, perhaps, no longer exists; there is a similar reason, though not quite so forcible, for supposing that both the Gothic and the Celtic, though blended with a very different idiom, had the same origin with the Sanscrit; and the old Persian might be added to the same family. - Jones, William **Discourses Delivered Before the Asiatic Society: And Miscellaneous Papers,** Edited by James Elmes, vol. I, 1824, p. 28.
14. हमारे लिए केंद्रीय महत्व की बात यह है कि इस विचारधारा के इतिहास का यह बुनियादी प्रकरण भारत की ज़मीन पर घटा था। इसके आधार पर होने वाली विमर्श–निर्मिति और उसकी व्यावहारिक निष्पत्तियां आज तक भारतीय राजनीति में सोचने–विचारने के तौर–तरीकों को प्रभावित कर रही है। अभय कुमार दुबे ''भाषा परिवार और सभ्यता का नस्ली सिद्धांत'', **प्रतिमान** vol. 15, June 2020, p. 86.
15. Bomhard, Allan R., **Toward Proto-Nostratic: A New Approach to the Comparison of Proto-Indo-European and Proto-Afroasiatic**, John Benjamins Publishing Company, 1984.
16. Lynch, Jack, “Indo-European Language Family Tree.” **Jacklynch**, https://www.jacklynch.net/language.html. Accessed 9 Jan. 2023.
17. Khurana, Varinder, **Materialism, Doctrine and the Origin of Language**, Motilal Banarsi Das International, 2023, p. 98.
18. The first author of speech was God himself, that instructed Adam how to name such


www.sanvad.org
ISSN : 2395-1273

creatures as He presented to his sight. - Hobbes, Thomas, T**he Moral and Political Works of Thomas Hobbes of Malmesbury**, Edited by Richard Blackburne, The Bavarian State Library, 1750, p. 107.

19. God, having designed man for a sociable creature, made him not only with an inclination, and under a necessity to have fellowship with those of his own kind, but furnished him also with language, which was to be the great instrument and common tie of society. - Locke, John. The Works of John Locke. Griffin & Company, 1823, p. 158.
20. Khurana, Varinder, **Materialism, Doctrine and the Origin of Language**, Motilal Banarsidas International, 2023, p. 99.
21. Trautmann, Thomas, **Aryans and British India**, University of California Press, 1997, p. 9.
22. **Ibid**, ਪੰਨਾ 10.
23. Isidorus, **The Etymologies of Isidore of Seville**, Edited by Stephen A. Barney, Cambridge University Press, 2010, p. 192.
24. ਦੇਖੋ, Sutrop, Urmas. "Estonian Traces in the Tree of Life Concept and in the Language Family Tree Theory." **Eesti Ja Soome-Ugri Keeleteaduse Ajakiri**, Journal of Estonian and Finno-Ugric Linguistics, vol. 3, no. 1, June 2012, pp. 297–326.
25. Hickes, G, **Institutiones Grammaticae Anglo-Saxonicae Et Moeso-Gothicae**, 1689. Scolar Press, 1971.
26. Auroux, Sylvain. "Representation and the Place of Linguistic Change before Comparative Grammar," **Studies in the History of the Language Sciences**, edited by Tullio De Mauro and Lia Formigari, vol. 49, John Benjamins Publishing Company, 1990, p. 229.
27. ਇਸ ਬਿਰਖ ਵਿਚ ਕੁਝ ਭਾਸ਼ਾਵਾਂ ਤੋਂ ਪਹਿਲਾਂ। ਉਸ ਭਾਸ਼ਾ ਦੇ ਨਾਮ ਦੇ ਪਹਿਲੇ ਸਵਰ ਅੱਖਰ ਕਰਕੇ ਲਿਖਿਆ ਹੈ ਅਤੇ ਇਥੇ ਇਹ ਨਰ ਅਤੇ ਮਾਦਾ ਦੇ ਭੇਦ ਤੋਂ ਬਿਨ੍ਹਾਂ ਹੈ।
28. **Ibid**.
29. Trautmann, Thomas, **Ibid**, p. 13.
30. Max Müller, **Friedrich**, The Languages of the Seat of War in the East: With a Survey of the Three Families of Language, Semitic, Arian and Turanian. Edited by August Petermann, Williams and Norgate, 1855, pp. 27-28.
31. "Arya being the most ancient name by which the ancestors of family called themselves, **Ibid**.
32. Cannon, Garland, "Review of Aryans and British India," **Anthropological Linguistics**, edited by Thomas R. Trautmann, vol. 40, no. 2, 1998, pp. 348–51.
33. Schleicher, August. "0 Jazyku Litevskèm, Zvlàšte Ohledem Na Slovansky," **Casopis Ceského Musea**, vol. 27, Czech Academy of Sciences, 1853, p. 331.
34. Schleicher, August. "Die Ersten Spaltungen Des Indogermanischen Urvolkes," **Allgemeine Monatsschrift Für Wissenschaft Und Literatur**, Schwetschke, 1850, p. 787.
35. Schleicher, August. **Die Darwinsche Theorie Und Die Sprachwissenschaft**, Böhlau, 1863, p. 31.

36. Metcalf, George J. "The Indo-European Hypothesis in the Sixteenth and Seventeenth Centuries," **Studies in the History of Linguistics: Traditions and Paradigms**, edited by Dell Hymes, Indiana University Press, 1974, pp. 233–57.
37. Crawfurd, John. "On the Aryan or Indo-Germanic Theory," **Transactions of the Ethnological Society of London**, vol. 1, 1861, p. 268-69.
38. Bekkum, Wouter Jacques. "The 'Risala' of Yehuda Ibn Quraysh and Its Place in Hebrew Linguistics," **Historiographia Linguistica**, vol. 8, no. 2–3, Jan. 1981, pp. 307–27.
39. Thapar, Romila, **The Aryan: Recasting Constructs Three Essays Collective**, 2008.
40. Godfrey, John J. "Sir William Jones and Père Coeurdoux: A Philological Footnote." **Journal of the American Oriental Society**, vol. 87, no. 1, Jan. 1967, p. 57.
41. भगवान सिंह, **आर्य–द्रविड़ भाषाओं कीम मुलभूत एकता**, Lippi Prakashan, 1973, p. 45.
42. Halhed, Nathaniel Brassey, **A Grammar of the Bengal Language**, Endorse Press, 1778.
43. Goldstücker, Theodor, **Panini: His Place in Sanskrit Literature: An Investigation of Some Literary and Chronological Questions Which May Be Settled by a Study of His Work**, N. Trübner, 1861.
44. /??s/ - Irish and Scottish.
45. It is reasonably to be objected to the words selected by the advocates of the Aryan theory, that they consist often of a single synonyme out of the many which exist in Sanskrit. Thus, heli is one word out of a score, for the sun, and from this is supposed to come the Latin sol and the Gothic suil, the German, the English, and the Erse having no term in the least resembling it. The far more frequent words for the sun in Sanskrit, surya and rawi, are unnoticed. For the moon they give the word masa, which signifies also a month, and from this is supposed to come the Latin mensis, and the Erse mios, the far more frequent Sanskrit words, chandra and soma, being taken no notice of, The Erse word in this case usually pronounced mis, I have no doubt comes direct from the Latin mensis, but I have just as little doubt that the latter does not come from the Sanskrit masa. Crawfurd, John. Ibid p. 282.
46. Rayall, Gurbachan Singh, **English and Sanskrit, a Common Heritage of Words: With Special Reference to Punjabi**, 1. ed, Publications Bureau, Punjabi University, 1996, p. 89.
47 **Ibid**, p. 157.
48. Vaidyanathan, S, **Indo-Aryan Loanwords in Old Tamil**, Rajan Publishers, 1971, p.26.
49. **Ibid**, p.99.
50. **Ibid**, p.26.
51. जहां तर्क–कौशल का प्रश्न है हम न्याय–विचारणा के क्रम में पलने वाली पक्ष और विपक्ष की दलीलों के उदाहरण से यह समझ सकते हैं कि झूठ को भी सच साबित किया जा सकता है और प्रायः किया जाता है। यही नहीं पूरे कौशल से प्रस्तुत किया गया झूठ सत्य से अधिक सच्चा मालूम होता है जब कि सच्चाई उसके सामने एक हास्यास्पद चीज बनकर रह जाती है। सिंह भगवान, **Ibid**, pp. 17-18.


ISSN : 2395-1273

52. ਅਜੋਕੇ ਉੱਤਰ-ਪ੍ਰਦੇਸ਼ ਅਤੇ ਉਤਰਾਖੰਡ ਦਾ ਖੇਤਰ।

53. Chatterji, Suniti Kumar, **Indo-Aryan & Hindi**, Gujarat Vernacular Society, 1942. P.159.

54. इस प्रकार की भाषा सभी भाषाओं का समन्वित करके सामाजिक करार से तैयार नहीं की जाती, अपितु जो भौगोलिक क्षेत्र राजनैतिक, आर्थिक अथवा धार्मिक दृष्टि से अधिक महत्वपूर्ण होता है उसकी बोली ही शेष की अपेक्ष्ज्ञा अधिक प्रधानता पा जाती है। वह अपने प्रभावक्षेत्र की बोलियों को प्रभावित करती और उनसे प्रभवित होती हुई बुद्धिजीवियों के हाथों संवारी जाती है। अपने अलिक रूप से भी काफी ऊपर उठ कर एक सार्वदेशिग प्रकृति अपना लेती है। इस क्रम में वह शेष भाषाओं का शोषण करती उनकी विशेषताओं को आत्मसात करती हुई, अपने को समृद्ध करतीह"। असैर उन में अपनी शब्दावली का बहुत बड़ा अंश बोती हुई अन्य आंचलिक बोलियों की भेद बहुत से जनों से बने जन–समाज में, अनेक रीतियों और विश्वासों वाले भू–भाग में एक सर्वनिष्ठ संस्कृति और भाषा का विकास होता है। इस पूरे क्रम को उलट देने के कारण ही पंडितों ने अपनी व्याख्याओं को और साथ ही अपने निष्कर्षों को दूषित कर रखा है। सिंह भगवान, Ibid, P. 20.

55. अभय कुमार दुबे ''भाषा परिवार और सभ्यता का नस्ली सिद्धांत,'' प्रतिमान, vol.15, June, 2020, P. 90.

56. Ibid, p.88.

57. ਆਤਮ ਸਿੰਘ, **ਇਤਿਹਾਸਕ ਭਾਸ਼ਾ ਵਿਗਿਆਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1996. P.1.

58. Thapar, Romila. ???. P.11.

59. Khurana, Varinder, **Materialism, Doctrine and the Origin of Language**, Motilal Banarsi Das International, 2023.

60. अभय कुमार दुबे, Ibid, p. 86.

61. भाषा विज्ञानी गणसमाजों के घुमन्तू जीवन, उनकी भाषाई विविधता, उनके आपसी संपर्क को भाषाई विवेचन से बाहर रखते हैं । इसके बदले वे मानते हैं कि एक आदिम मानवसमुदाय कोई स्वतरू विकसित भाषा बोलता थाय वह मानवसमुदाय अनेक शाखाओं में विभाजित हुआय आदिम मानवसमुदाय की जननीभाषा से इन शाखा समुदायों की पुत्री – भाषाओं की उत्पत्ति हुई । वे मानते हैं कि भाषा परिवार का निर्माण विभिन्न गणभाषाओं के मिलने से नहीं होताय उसका निर्माण होता है किसी आदिम जननीभाषा के शाखाओं में विभा– जित हो जाने से । ऐतिहासिक भाषाविज्ञान के गतिरोध का यह प्रबल कारण है, किसी आदि जननी भाषा से पुत्री – भाषाओं की उत्पत्ति का सिद्धान्त । आप भाषाई क्षेत्र की बात करते रहिए किन्तु जननीभाषा स्वयंभू हैय वह जिस क्षेत्र में अवतरित होती है, उसमें या उसके आसपास कोई दूसरी जननीभाषा नहीं होती । अपने निर्माण काल में भाषा परिवार एक दूसरे के संपर्क में आये होंगे, इस बात की छानबीन की आवश्यकता ही नहीं रह जाती । उन गणसमाजों की भाषाओं में कैसी विविधता थी जिनके एकत्र होने से भाषा परिवार बना, इसकी छानबीन अनावश्यक ठहरती है। गणसमाजों के सुदीर्घ भाषाई विकास की प्रक्रिया के स्थान पर जननीभाषा और उसकी पुत्री भाषाओं की उत्पत्ति का सिद्धान्त स्थापित कर दिया जाता है। शर्मा रामविलास, **भारत के प्राचीन भाषा परिवर और हिन्दी**, राजकमल प्रकाशन 1980, p. 11.

◈